ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਲਾਹੌਰ(ਪਾਕਿਸਤਾਨ)

JUN 1988



ਜੂਨ ੧੯੮੮

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ 3/70-68-4 (ਅ.ਪ.) ਮਿਤੀ 17-10-68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਗੁਰ-ਅਸਥਾਨਾਂ ਲਈ ਤਨ ਮਨ ਧਨ ਵਾਰਨਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਮ ਅਭਿਆਸ ਦੀ ਗੁਰਮਤਿ ਜੁਗਤੀ | ੪ | ,, ,, ,, |
| ਗੁਰ ਅਰਜਨ ਵਿਟਹੁ ਕੁਰਬਾਨੀ | ੭ | ਸ: ਨਰੈਣ ਸਿੰਘ ਜੀ ਐਮ. ਏ. |
| ਸਭੈ ਘਟਿ ਰਾਮੁ ਬੋਲੈ | ੧੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁਰਬਾਣੀ ਦਾ ਸੁਧ ਉਚਾਰਨ | ੧੫ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਅਨਿਆਇ ਕਟਣ ਲਈ ਖਾਲਸਾ ਸ਼ਸਤ੍ਰਧਾਰੀ ਬਣਦਾ ਹੈ | ੧੯ | ਪ੍ਰੋਫੈਸਰ ਪੂਰਨ ਸਿੰਘ ਜੀ |
| ਗੁਰੂ ਕੇ ਲੰਗਰ ਵਿਚ ਅੰਮ੍ਰਿਤ ਕਲਾ | ੨੦ | ਸੂਬੇਦਾਰ ਧਰਮ ਸਿੰਘ ਜੀ |
| ਨਾਨਕ ਇਹ ਗੁਣਿ ਨਾਮੁ ਸੁਖਮਨੀ | ੨੩ | ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀ ਸਰਕਲ |
| ਜੋਤਿ ਅਬੁਝ ਜਗਾਈ (ਕਵਿਤਾ) | ੨੫ | ਸ: ਅਤਰ ਸਿੰਘ ਜੀ ਨੀਰ |
| 'ਸਤਿ' ਪਦ ਦਾ ਨਿਰਣਾ | ੨੭ | ਸ੍ਰੀ ਗੁਰੂ ਨਾਨਕ ਬਾਣੀ ਅੰਕ |
| ਸਿਖ ਦਾ ਧਰਮ-ਨਿਰਪੇਖਤਾ ਦੇ ਵਿਚਾਰਾਂ ਨਾਲ ਨਾਤਾ | ੨੮ | ਡਾਕਟਰ ਗੋਬਿੰਦ ਸਿੰਘ ਮਨਸੁਖਾਨੀ |
| ਯਾਦ ਰਖਣ ਯੋਗ | ੨੯ | ਜਥੇਦਾਰ ਅਖੰਡ ਕੀਰਤਨੀ ਜਥਾ |
| ਗੁਰੂ ਕੇ ਲੰਗਰ ਦੀ ਸੰਸਥਾ | ੩੦ | ਪ੍ਰੋਫੈਸਰ ਹਰਨਾਮ ਸਿੰਘ ਜੀ |
| 'ਧਰਮ-ਸੱਚ' ਤੇ ਕੁਰਬਾਨੀ | ੩੩ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਬਲੈਕ ਥੰਡਰ (ਕਾਲੀ ਗਰਜ) ਅਪ੍ਰੇਸ਼ਨ | ੩੪ | ਸੰਪਾਦਕ |
| ਸ਼੍ਰੋਮਣੀ ਕਮੇਟੀ ਤੇ ਸਰਕਾਰ ਵਿਚ ਵਾਦ-ਵਿਵਾਦ | ੩੫ | ਰੋਜ਼ਾਨਾ ਅਜੀਤ |
| ਫਿਲਮੀ ਰਾਗ ਰਸਾਤਲ ਵਲ | ੩੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |


ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਵਸ ੧੮ ਜੂਨ    ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਧਾਰਿਆ ੩੦ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਜਾਗੀਰ ਸਿਘ ਗਿਲ ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੩੪-੦੦ |
| ਭਾਈ ਦੀਦਾਰ ਸਿੰਘ ਜੀ, ਪੁਤਲੀ ਘਰ, ਅੰਮ੍ਰਿਤਸਰ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫੦੦-੦੦ |
| ਬੀ. ਐੱਸ ਬੋਕਸ ਫ਼ੈਕਟਰੀ, ਅੰਮ੍ਰਿਤਸਰ | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੫-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪-੬-੮੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847    ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
Foreign Subscription
Sea Mail 40-00
Air Mail 100-00
ਅਮਾਨਤੀ
ਲਾਈਫ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਜੂਨ ੧੯੯੯ ਅੰਕ ੬

## ਗੁਰ-ਅਸਥਾਨਾਂ ਲਈ ਤਨ ਮਨ ਧਨ ਵਾਰਨਾ

ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇ-ਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾਂ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ। ਕਿਉਂਕਿ ਉਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ, ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ। ਪਰੰਤੂ ਨਿਰਭੈ ਪਦ ਅੰਦਰ ਅਰੂੜ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ, ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ ਨਮਿਤ ਮਰ ਮਿਟਣ ਵਾਲੀ ਨਿਰਭੈ ਬਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ ਇਜ਼ਤ ਆਬਰੂ ਕਾਇਮ ਦਾਇਮ ਰਖਣ ਲਈ ਤਨ ਮਨ ਧਨ ਦਾ ਹੋਮ ਦੇਣਾ ਉਨ੍ਹਾਂ ਦੀ ਇਕ ਸਹਿਜ ਸੁਭਾਵੀ ਆਤਮ-ਖੇਡ ਹੈ।

—ਭਾ: ਸਾ: ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਬਿਬੇਕ" ਵਿਚੋਂ



www.AKJ.Org

# ਨਾਮ ਅਭਿਆਸ ਦੀ ਗੁਰਮਤਿ ਜੁਗਤੀ

[ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨੋਟ :—ਪਿਛਲੇ ਮਈ ੯੮ ਦੇ 'ਸੂਰਾ' ਅੰਕ ਵਿਚ ਭਾਈ ਸਾਹਿਬ ਜੀ ਦਾ ਲੇਖ "ਨਾਮ-ਸਿਮਰਨ—ਬਿਧੀ ਤੇ ਧਿਆਨ" ਦਿਤਾ ਗਿਆ ਸੀ। ਉਸ ਲੜੀ ਦਾ ਇਹ ਦੂਜਾ ਲੇਖ ਉਸੇ ਪੁਸਤਕ ਵਿਚੋਂ ਦਿਤਾ ਜਾ ਰਿਹਾ ਹੈ; ਜਿਸ ਵਿਚ ਨਾਮ-ਸਿਮਰਨ ਦੀ ਜੁਗਤੀ ਨੂੰ ਰੂਪਮਾਨ ਕੀਤਾ ਗਿਆ ਹੈ। —ਸੰਪਾਦਕ

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

ਸੂਹੀ ਮਹਲਾ ੧, ਪੰਨਾ ੭੨੮

**ਵਿਆਖਿਆ**—ਇਸ ਗੁਰ ਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ-ਜਾਪ-ਅਭਿਆਸ ਰੂਪੀ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂ ਤੇ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮੁ ਹੈ।

ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅੱਤ ਜ਼ਰੂਰੀ ਹੈ ਕਿ ਸੋਚ ਇਸ਼ਨਾਨ ਕਰ ਕੇ ਕਮਾਈ ਵਿਚ ਜੁਟੇ। ਸਰੀਰਕ ਸਫ਼ਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਣ ਕਰੇ। ਫੇਰ ਪੂਰਨ ਸੁੱਧਤਾ ਸਹਿਤ ਇਸ਼ਨਾਨ ਕਰ ਕੇ ਸੁਚੇ ਪਵਿਤਰ ਸਾਫ਼ ਬਸਤਰ ਸਜਾ ਕੇ ਅੰਮ੍ਰਿਤ ਵੇਲੇ, ਰਾਤ੍ਰੀ ਦੇ ਪਿਛਲੇ ਪਹਿਰ ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪਰਕਾਰ ਦੁਧ ਦੋਹਣ (ਧਾਰ ਕਢਣ) ਤੋਂ ਪਹਿਲਾਂ, ਦੁਧ ਕਢਣ ਵਾਲੇ ਭਾਂਡੇ ਦੀ ਸਫ਼ਾਈ ਅਤੇ ਪਵਿਤਰਤਾ ਦਰਕਾਰ ਹੈ, ਏਸੇ ਪਰਕਾਰ ਨਾਮ ਅਭ੍ਯਾਸ ਕਰਮ ਕਮਾਈ ਰੂਪੀ ਦੁਧ ਦੋਹਣ ਲਈ ਪਹਿਲਾਂ ਸਰੀਰ ਦੀ ਸਫ਼ਾਈ ਅਤੇ ਪਵਿਤ੍ਰਤਾ ਅੱਤ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿ ਸਫ਼ਾਈ ਕੀਤਿਆਂ ਨਾ-ਸਿਰਫ਼ ਸਰੀਰ ਪਵਿਤਰ ਹੀ ਹੁੰਦਾ ਹੈ, ਬਲਕਿ ਤਨ ਕਰਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫਿਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਨਾ ਬਿਲੋਵਨ ਲਈ ਸੁਰਤਿ ਰੂਪੀ ਜਾਗ (ਸਮਾਇਣ, ਜਾਮਣ) ਸੁਤੇ ਸੁਭਾਵ ਹੀ ਲਗ ਜਾਂਦਾ ਹੈ।

ਯਤਨ ਕੇਵਲ ਏਤਨਾ ਹੀ ਕਰਨਾ ਪੈਂਦਾ ਹੈ ਕਿ ਨਾਮ-ਗੁਰ-ਮੰਤਰ ਰੂਪੀ ਸ਼ਬਦ ਦੀ ਆਹਤ (ਆਵਾਜ਼) ਨਾਲ ਸੁਰਤੀ ਨੂੰ ਲਾਵੇ (ਜੋੜੇ)। ਇਹ ਅਭਿਆਸੀ ਜਨ ਦਾ ਸੁਰਤਿ-ਸ਼ਬਦ ਮਈ ਕਰਮੁ ਹੈ। ਸ਼ਬਦ-ਸੁਰਤੀ ਨਾਮ ਅਭਿਆਸ ਕਰਨ ਲਗਿਆਂ ਹੋਰ ਆਸਾਵਾਂ ਵਲੋਂ ਨਿਰਾਸਾ ਹੋ ਕੇ, ਹੋਰ ਸੰਕਲਪ ਵਿਕਲਪੀ ਖ਼ਿਆਲਾਂ ਤੋਂ ਨਿਰਖਿਆਲਾ ਹੋ ਕੇ ਜੁਟੇ। ਇਕ ਵਾਰ ਪਹਿਲ ਪ੍ਰਿਥਮੇ ਇਤਨੀ ਹੀ ਦਮ-ਕਰਾਰੀ ਕਰਨ ਦੀ ਲੋੜ ਹੈ। ਫੇਰ ਨਾਮ ਅਭਿਆਸ ਸ਼ਬਦ ਸੁਰਤਿ ਦੀ ਪਾਰਸ ਕਲਾ ਆਪੇ ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ ਸੁਰਤਾਸੀ ਪਾਰਸ ਕਲਾ ਨਾਲ ਨਾਮ ਰੂਪੀ ਦੁਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸੀ, ਆਤਮ ਵਿਗੱਸੀ ਮੱਖਣ ਉਪਜਾਉਂਦਾ ਹੈ। ਘਟ ਰੂਪੀ ਮਟਕੀ ਚਾਟੀ ਅੰਦਰ ਹੀ ਵਿਗਸਾਉਂਦਾ ਹੈ। ਇਸ ਘਟ



www.AKJ.Org

ਸਰੀਰ ਰੂਪੀ ਮਟਕੀ ਅੰਦਰ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁਧ-ਦਧੀ-ਅਧਰਿੜਕਾ (ਮਲਾਈ ਵਾਲਾ ਦਹੀਂ) ਬਿਲੋਇਆ ਰਿੜਕਿਆ ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰ ਹੀ ਰਸ-ਜੋਤਿ-ਜਲਵਨੀ-ਮੱਖਣ ਪਰਜੁਲਤ ਹੋ ਜਾਂਦਾ ਹੈ।

ਜਿਵੇਂ ਦੁਧ-ਰਿੜਕਣੇ ਮਧਾਣੇ ਦੇ ਨੇਤਰੇ ਦੀਆਂ ਗੁਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ ਮਧਾਣੇ ਨੂੰ ਦੁਧ ਰਿੜਕਣ ਲਈ ਹਿਲਾਈਦਾ ਹੈ, ਏਸੇ ਪਰਕਾਰ ਨਾਮ ਅਭਿਆਸ ਦਾ ਬਿਲੋਵਨਾ ਬਿਲੋਵਨ ਲਈ, ਮਨ ਦੀਆਂ ਸੁਰਤੀਆਂ ਨੂੰ ਜੋੜ ਕੇ, ਅਰਧ ਉਰਧੀ ਸੁਆਸਾਂ ਦਾ ਸੁਰਤਿ ਸ਼ਬਦ ਨਾਲ ਜੋੜਨਾ ਲਾਜ਼ਮੀ ਹੈ। ਜਿਵੇਂ ਨੇਤਰੇ ਦੀ ਗੁਲੀ ਇਕ ਹੱਥ ਨਾਲ ਫੜ ਕੇ ਤਾਂ ਆਪਣੇ ਵਲ ਖਿਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੁਲੀ ਢਿਲੀ ਛਡ ਕੇ ਪਰੇ ਨੂੰ ਜਾਣ ਦੇਈਦੀ ਹੈ, ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋਈਦਾ ਹੈ। ਸੁਆਸ-ਸੁਰਤੀ ਨੂੰ ਖਿਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਦਰਗਤੀ) ਲੈ ਜਾਈਦਾ ਹੈ ਅਤੇ ਜੋਤਿ ਚਮਕ ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ, ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਏ ਪਕੀ ਸਾਵਧਾਨਤਾ ਅਤੇ ਸਜਾਗਤਾ ਰਹਿੰਦੀ ਹੈ। ਕਦੇ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਨਾ ਬਿਲੋਂਦਿਆਂ ਰਸ ਤੱਤ ਜੋਤਿ ਰਹੱਸ ਉਗਵਨਾ ਅਰੰਭ ਹੁੰਦਾ ਹੈ ਤਿਉਂ ਤਿਉਂ ਸੁਆਸ ਅਭਿਆਸੀ ਖੰਡਾ ਪੂਰੀ ਜ਼ੋਰ ਭਰੀ ਸਾਵਧਾਨਤਾ ਨਾਲ ਵਧੇਰੇ ਤੋਂ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ-ਰਸ ਦੇ ਬਿਸਮਾਦ ਸੁਆਦ ਦੇ ਰਸ ਅਧੀਨ, ਆਪੋਂ ਹੀ ਸਾਵਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਧੂਰਤ ਹੁੰਦੀ ਹੈ, ਜੋ ਕਦੇ ਆਲਸ ਨਿੰਦਰਾ ਆਉਣ ਹੀ ਨਹੀਂ ਦਿੰਦੀ। ਪਹਿਲਾਂ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲ ਜਾਗਰਤ ਰਖਣ ਦਾ ਸੁਰਤਿ ਉਪਰਾਲਾ ਕਰਨਾ ਪੈਂਦਾ ਹੈ।

ਇਕੁਰ ਬਿਲੋਵਨਾ ਬਿਲੋਵਨ ਦੇ ਸਿਲਸਿਲੇ ਵਿਚ ਸਪੱਸ਼ਟ ਤੌਰ ਤੇ ਰਸਨਾ ਕਰਕੇ ਸੁਆਸਾਂ ਦੀ-ਸੇੜ੍ਹ ਅੰਦਰ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ। ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ-ਸੁਆਸ-ਅਭਿਆਸ, ਨਾਮ-ਉਚਾਰ ਦੇ ਰਸਿ-ਰੰਗਾਂ ਨਾਲ ਮਿਸਰਤ ਹੋਇਆ ਰਸਨਾ ਤੋਂ ਨਿਕਸਦਾ ਰਹਿਣਾ ਅਤੀਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸੁਆਸ ਧੌਂਕਣੀ ਦੀ ਹੌਂਕਣੀ ਨਾਲ ਅੰਮ੍ਰਿਤ ਤੱਤ ਰਸ ਅਮਿਉ ਮੱਖਣ ਨਹੀਂ ਨਿਕਲਣਾ। ਨਾ ਹੀ ਅਭਿਆਸ ਅਭਿਆਸਣੀਆ ਦੁਧ ਬਣਿਆ, ਦੁਧ ਮਥਿਆ ਜਾਣਾ ਹੈ। ਇਸ ਬਿਧਿ ਦੁਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ। "ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ" ਆਸ ਕਰਿ, ਰਸਨਾ ਦੇ ਨਾਲ, ਰਸ ਰੜਕ ਨਾਲ ਸਪਰਸ ਕੇ ਪਾਰਸ ਸ਼ਬਦ 'ਗੁਰੂ' ਦੀ ਧੁਨੀ ਦਾ ਧੁੰਨਤ ਹੋਣਾ ਅਤੀਅੰਤ ਹੀ ਲਾਜ਼ਮੀ ਸ਼ੈ ਹੈ। ਏਸੇ ਪਰਕਾਰ ਉਪਰ ਨੂੰ ਸੁਆਸ ਖਿਚਦਿਆਂ 'ਵਾਹ' ਸ਼ਬਦ ਦੀ ਸਪਰਸਤਾ ਦੀ ਨਿਰਾਲਮੀ ਛੁਹ ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰ ਨਿਗਲੀ ਜਾਣੀ ਚਾਹੀਦੀ ਹੈ। ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ ਸ਼ਬਦ ਧੁਰੋਂ ਆਏ, ਪਰ ਬਿਸਮਾਦੀ ਪਾਰਸ ਸ਼ਬਦ ਦੀ ਛੁਹ ਨਾਲ, ਪਾਰਸ ਪ੍ਰਭਾਵੀ ਛੁਹ ਨਾਲ ਹੀ ਹੈ। ਸੁੱਕੇ ਹੇਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਾਉ ਉਤਰਾਉ ਵਿਚ ਇਹ ਪਾਰਸ ਕਲਾ ਨਹੀਂ ਧਰੀ ਪਈ, ਇਹ ਪਾਰਸ ਕਲਾ ਵਾਲਾ ਅੰਮ੍ਰਿਤ ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ। ਕਿਸੇ ਦਾ ਬਣਾਇਆ ਨਹੀਂ ਬਣਿਆ। ਗੁਰੂ ਸਾਹਿਬ, ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪੱਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ-ਭੂਤੀ ਅੰਮ੍ਰਿਤ ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ। ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜਤਾ ਵਾਲੀ ਹੀ ਹੁੰਦੀ ਹੈ। ਸੱਚਾ ਸੁਚੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਗੁਰ ਦਰਗਾਹੋਂ ਪੰਜ ਜਨਾਂ ਦੇ ਪੰਚਾਇਣੀ ਸੀਨਿਆਂ ਅੰਦਰ ਅਮਰ ਜੁਗਤੀ ਨਾਲ ਜੁਗਤਾ ਕੇ ਪਰਚੁਰ ਕੀਤਾ, ਤਾਕਿ ਪਾਰਸ ਰੂਪੀ



www.AKJ.Org

ਅੰਮ੍ਰਿਤ ਨਾਮ ਦੀ ਪਾਰਸ ਕਲਾ ਦੀ ਛੁਹ ਅਛੂਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ ਕਲਾਵੀ ਪਾਰਸ ਦਾ ਪਰਸਿਆ ਜਾਣਾ ਗੁਰਮਤਿ ਦੀ ਸਾਜ਼ ਸੁਰਾਜ਼ੀ ਗੁਹਜ ਜੁਗਤੀ ਹੈ, ਜੋ ਗੁਰਮੁਖ ਪੰਜਾਂ ਜਨਾਂ ਦੇ ਰਾਜ਼ ਮਰੰਮੀ ਸੀਨਿਆਂ ਅੰਦਰ ਪੁਸ਼ਤ-ਬਪੁਸ਼ਤੀ ਪ੍ਰਚਲਤ ਹੋਈ ਚਲੀ ਆਉਂਦੀ ਹੈ। ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲਾ ਕੇ ਲਗਾਤਾਰ ਚਲੀ ਆਉਂਦੀ ਹੈ। ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁਲ੍ਹਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ, ਨਾਮ-ਅਭਿਆਸ ਦੀ ਜੁਗਤੀ ਦਾ, 'ਪੰਚ ਪਰਵਾਨ ਪੰਚ ਪਰਧਾਨ' ਗੁਰਮੁਖ ਪਿਆਰਿਆਂ ਨੂੰ ਹੀ ਸੁਸ਼ੋਭਤ ਹੈ, ਹੋਰਥੈਂ ਸੋਭਾ ਨਹੀਂ ਪਾਉਂਦਾ। ਨਾ ਹੀ ਹੋਰਥੈਂ ਇਸ ਅੰਮ੍ਰਿਤ ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਘਰ ਵਿਖੇ ਹੀ ਮਹਿਫ਼ੂਜ਼ ਹੈ। ਇਹ ਤਾਂ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚ ਅਨਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ ਸੱਚੇ ਗੁਰਮਤਿ ਕਰਮ ਨੂੰ, ਇਸ ਦੇ ਮੁਕਾਬਲੇ ਤੇ ਪਰਸਿਧ ਕਰ ਕੇ ਪਰਧਾਨ ਜਣਾਇਆ ਹੈ। ਅਨਮਤੀ ਕਰਮਚਾਰੀ ਪਾਹਨ (ਪੱਥਰਾਂ) ਦੇ ਠਾਕੁਰ ਬਣਾ ਕੇ (ਸੰਪਟੀ ਬੰਦ) ਡਬੇ ਵਿਚ ਰਖਦੇ ਹਨ, ਨਦੀ ਵਿਚ ਨਾਵ੍ਹਾਲਦੇ ਹਨ, ਪਤਿਆਂ (ਪਤਰਾਂ) ਤੇ ਫੁਲਾਂ ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖ਼ੁਦ-ਘੜੇ ਹੋਏ ਠਾਕਰਾਂ ਨੂੰ ਪ੍ਰਸੰਨ ਕਰਦੇ ਹਨ। ਇਸ ਪਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ ਕਰਮ ਦੇ ਮੁਕਾਬਲੇ ਵਿਚ, ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚ ਇਸ ਪਰਕਾਰ ਦਰਸਾਉਂਦੇ ਹਨ ਸਾਡੇ ਗੁਰੂ ਨਾਨਕ ਸਾਹਿਬ ਜੀ, ਕਿ—

ਹਿਰਦੇ ਅੰਦਰ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਸੰਗ ਦਰਬਾਰ ਵਿਚ ਨਿਤਾਪ੍ਰਤਿ ਹਾਜ਼ਰੀ ਭਰੇ, ਜਿਸ ਕਰਕੇ ਸਾਰੀਆਂ ਕਦੂਰਤਾਂ ਦੂਰ ਹੋ ਜਾਂਦੀਆਂ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮ ਦਾ ਚੜ੍ਹਾਵਾ ਚੜ੍ਹਾ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ ਦੇ ਕੇ ਪੂਜਾ ਕਰਨ ਨਾਲ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ, ਅਤੇ ਤੁਠ ਕੇ ਆਪਣਾ ਸਦੀਵੀ ਦਰਸ-ਮਿਲਾਪ ਬਖ਼ਸ਼ਦਾ ਹੈ। ਮਨ ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘਟ ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਸੰਗਤਿ ਦੇ ਸਰੋਵਰ ਵਿਚ ਇਸ ਦਾ ਅਮਿਉ-ਮੱਜਨੀ ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨੀ ਦੇ ਫੁਲ ਪੱਤਰ ਚੜ੍ਹਾ ਕੇ ਪਤੀ ਪਰਮੇਸ਼ਰ ਰੂਪੀ ਦੇਵਤਾ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਣ ਕਰ ਕੇ ਸੇਵਕ ਜਨ ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸਚੇ ਪ੍ਰੀਤਮ ਖਸਮ ਦਾ ਸੰਜੋਗ ਰਸ ਮਾਣ ਸਕਦਾ ਹੈ। ਸ਼ਰਧਾ-ਭਾਵਨੀ ਰੂਪ ਪੁਜਾਰੀ ਪਰਮਾਤਮ ਦੇਵਤਾ ਨੂੰ ਤ੍ਰਿਪਤਿ ਕਰ ਸਕਦਾ ਹੈ। ਸਾਹਿਬ ਸਚੜੇ ਪਤੀ ਨੂੰ ਰਾਵਣ ਦਾ ਇਕੋ ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵਾ ਦੇ ਮਾਰਗ ਵਿਚ ਅਰਪ ਦੇਵੇ।

ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚ ਖਚਤ ਹੋ ਕੇ ਆਨ-ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ, ਪਰੰਤੂ ਹੇ ਵਾਹਿਗੁਰੂ! ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ, ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫਤ-ਸਾਲਾਹ ਹੀ ਸਾਲਾਹੁਣ ਕਰਮ ਕਮਾਉਣ ਨੂੰ ਮਿਲੇ। ਆਨ ਦੇਵ ਸੇਵ ਟੇਵ ਉੱਕੀ ਹੀ ਮਿਟ ਜਾਵੇ। ਸ੍ਰੀ ਗੁਰੂ ਨਾਨਕ ਸਾਹਿਬ ਭਗਤਿ ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪ੍ਰਧਾਨ ਕਰਮ ਜਣਾਉਂਦੇ ਦ੍ਰਿੜ੍ਹਾਉਂਦੇ ਹਨ, ਜਿਸ ਪ੍ਰਧਾਨ ਗੁਰਮੁਖ ਕਰਮ ਦੇ ਬਰੋਬਰ ਹੋਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੀ ਹੈ।

["ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ

---

**ਪਿਆਰੇ ਪਾਠਕ ਜੀ**—ਜੇ ਆਪ ਨੂੰ 'ਸੂਰਾ' ਮਾਸਕ ਪੱਤਰ ਨਾਲ ਪਿਆਰ ਹੈ ਤਾਂ ਗੁਰਮਤਿ ਪਰਚਾਰ ਨੂੰ ਮੁਖ ਰਖ ਕੇ ਇਸ ਦੇ ਇਕ ਇਕ ਦੋ ਦੋ ਹੋਰ ਮੈਂਬਰ ਬਣਾਓ ਜੀ।



www.AKJ.Org

# ਗੁਰ ਅਰਜਨ ਵਿਟਹੁ ਕੁਰਬਾਨੀ

—ਭਾ: ਗੁਰਦਾਸ ਜੀ, ਵਾਰ ੨੪, ਪਉੜੀ ੨੩

[ਸ: ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ ਕਿ ਨਿਮ੍ਰਤਾ ਤੇ ਗਰੀਬੀ ਜ਼ਾਲਮ ਤੇ ਜ਼ੁਲਮ ਨੂੰ ਨਾਸ ਕਰ ਦੇਣ ਦੀ ਸਮਰੱਥਾ ਰਖਦੇ ਹਨ । ਆਪ ਨੇ ਕਥਿਆ ਹੈ—

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵਿਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥੧॥ (ਸੋਰਠਿ ਮ: ੫—੬੨੮)

ਆਪ ਦੀ ਸੀਤਲਤਾ, ਧੀਰਜ ਤੇ ਅਡੋਲਤਾ ਦੇ ਪਿਛੇ ਇਕ ਸਤਿਆ ਹੈ, ਇਕ ਭਰੋਸਾ ਹੈ, ਜੋ ਵਡੀ ਤੋਂ ਵਡੀ ਮੁਸੀਬਤ ਤੇ ਖ਼ਤਰੇ ਵਿਚ ਭੀ ਆਪ ਦੇ ਮਨ ਨੂੰ ਡਿਗਣ ਨਹੀਂ ਦਿੰਦਾ । ਆਪ ਦੇ ਮਨ ਦੇ ਅੰਦਰ ਐਸੀ ਸਦੀਵੀ ਠੰਢਕ ਤੇ ਖੇੜਾ ਹੈ ਕਿ ਉਥੇ ਢਹਿੰਦੀ ਕਲਾ ਵਿਆਪ ਹੀ ਨਹੀਂ ਸਕਦੀ, ਨਾ ਹੀ ਚੇਹਰੇ ਤੇ ਕੋਈ ਮਲਾਲ ਆ ਸਕਦਾ ਹੈ । ਇਸ ਅਡੋਲਤਾ ਦਾ ਕਾਰਨ ਆਪ ਦੀ ਬਾਣੀ ਸਪਸ਼ਟ ਕਰਦੀ ਹੈ—

ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥
ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ॥੧॥
ਬਨ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ-ਹਰਤਾ ਹਰਿ ਨਾਮਾ ॥
ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥੨॥੭॥

ਵਾਰ ਗੂਜਰੀ, ਮ: ੫, ਪੰਨਾ ੫੧੯

ਆਪ ਬਾਹਰਮੁਖੀ ਦੁਖ ਨੂੰ ਸੁਖ ਕਰਕੇ ਸਮਝਦੇ ਹਨ, ਕਿਉਂਕਿ ਆਪ ਦੇ ਅੰਦਰ ਸ਼ਾਂਤੀ ਤੇ ਸੁਖ ਹੈ । ਆਪ ਦਾ ਕਥਨ ਹੈ—

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ॥ ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥੧॥

ਆਸਾ ਮਹਲਾ ੫, ਪੰਨਾ ੩੮੫

ਆਪ ਦੇ ਅਜਿਹੇ ਕਥਨ ਆਮ ਮਨੁਖੀ ਸੂਝ ਤੋਂ ਉਚੇਰੇ ਹਨ । ਇਹ ਅਧਿਆਤਮਕ ਰੰਗ ਰੰਗੇ ਉਹ ਆਦਰਸ਼ਕ ਨੁਕਤੇ ਹਨ, ਜਿਨ੍ਹਾਂ ਨੂੰ ਇਸ ਰਾਹੇ ਤੁਰੇ ਮਨੁਖ ਹੀ ਅਨੁਭਵ ਕਰ ਸਕਦੇ ਹਨ ।......

ਆਪ ਦੀ ਸੁਹਿਰਦਤਾ, ਕੋਮਲਤਾ ਤੇ ਨਿਰਮਾਣਤਾ, ਆਪ ਦਾ ਸਦੀਵਕਾਲ ਪ੍ਰਭੂ-ਪ੍ਰਾਇਣ-ਹੋਇ-ਰਹਿਣ ਉਤੇ ਸਿਦਕ, ਆਪ ਦੇ ਮਨ ਦਾ ਟਿਕਾਉ ਤੇ ਅਡੋਲਤਾ ਅਤੇ ਆਪ ਦੇ ਅੰਦਰ ਅਜਰ ਜਰਨ ਦੀ ਸ਼ਕਤੀ ਇਤਨੇ ਪ੍ਰਭਾਵ-ਪੂਰਤ ਹਨ ਕਿ ਮਨੁਖ ਦੀ ਅਕਲ ਚਕਰਿਤ ਰਹਿ ਜਾਂਦੀ ਹੈ । ਇਹ ਤਾਂ ਉਹ ਹੀ ਜਾਣਦੇ ਹਨ ਕਿ ਇਸ ਦੀ ਤਹਿ ਵਿਚ ਕੀ ਸੀ, ਪਰੰਤੂ ਜਿਥੇ ਤਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਕਥਨ ਸਾਖੀ ਹਨ, ਇਹ ਆਪ ਦੇ ਰੋਮ ਰੋਮ ਅੰਦਰ ਰਚ ਚੁਕੀ ਪ੍ਰਭੂ-ਪਿਆਰ ਦੀ ਡੂੰਘੀ ਲਗਨ ਸੀ, ਜਿਸ ਨੇ ਆਪ ਦੇ ਅਤੇ ਪ੍ਰਭੂ ਦੇ ਵਿਚਾਲੇ ਦਿਸਦੀ ਭਿੰਨਤਾ ਨੂੰ ਖ਼ਤਮ ਕਰ ਦਿਤਾ ਹੋਇਆ ਸੀ । ਇਸੇ ਤੋਂ ਪ੍ਰਭਾਵਤ ਹੋ ਕੇ ਮਥੁਰਾ ਭਟ ਨੇ ਕਿਹਾ ਸੀ—

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥ (੧੪੦੯)

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਿਆਰ-ਜਜ਼ਬੇ ਦੇ ਵੇਗ ਵਿਚ ਹੀ ਇਹ ਪੁਛ ਰਹੇ ਹਨ—

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ (ਬਾਰਹਮਾਹਾ ਮਾਝ ਮ: ੫, ੧੩੩)

ਆਪ ਜੀ ਨੂੰ ਪ੍ਰੀਤਮ-ਪ੍ਰਭੂ ਜੀ ਦਾ ਵਿਛੋੜਾ ਜੰਬੂਰਾਂ ਦੀ ਪੀੜਾ ਤੋਂ ਭੀ ਵਧੇਰੇ ਦੁਖਦਾਈ ਪ੍ਰਤੀਤ ਹੁੰਦਾ ਹੈ—

ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥
ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸਬੂਹ ਸਚੁ ॥੧॥੧੧॥ (ਵਾਰ ਗੂਜਰੀ ਮ: ੫, ਪੰਨਾ ੫੨੦)

ਵਿਛੋੜੇ ਦੀ ਸਰੋਦ ਹੀ ਅਤਿ ਦੁਖਦਾਈ ਹੈ—



www.AKJ.Org

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੇਦਿ ॥੩॥ (ਮ: ੫—੧੧੦੦)
ਅਤੇ— ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥
ਤਿਸੁ ਸਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥੨॥੧੦॥ (ਡਖਣੇ ਮ: ੫—੧੦੯੭)

ਸ੍ਰੀ ਗੁਰੂ ਅਰਜਨ ਦੇਵ ਜੀ ਕੋਮਲ ਭਾਵੀ ਦਿਲ ਵਾਲੇ, ਬਹੁਤ ਠੰਢੇ, ਨਿਰਛਲ ਅਤੇ ਪਰਾਈ ਪੀੜਾ ਦਾ ਦਰਦ ਰਖਣ ਵਾਲੇ ਹਨ। ਅੰਦਰ ਦੀ ਸੀਤਲਤਾ ਸਦਕਾ ਉਨ੍ਹਾਂ ਦੀ ਸਹਿਣ-ਸ਼ਕਤੀ ਇਤਨੀ ਬਲਵਾਨ ਹੈ ਕਿ ਉਨ੍ਹਾਂ ਨੂੰ ਕਿਸੇ ਪਰਕਾਰ ਦੀ ਸਰੀਰਕ ਜਾਂ ਮਨ ਨੂੰ ਵਾਪਰਨ ਵਾਲੀ ਪੀੜਾ ਪੋਹ ਨਹੀਂ ਸਕਦੀ, ਸਿਦਕ ਤੋਂ ਡੁਲਾ ਨਹੀਂ ਸਕਦੀ। ਅਤੇ ਨਾ ਹੀ ਇਸ ਪੀੜਾ ਦੇ ਹਰਨ ਲਈ ਉਹ ਵਿਰੋਧੀ ਦਾ ਬੁਰਾ ਮੰਗਦੇ ਹਨ।

**ਗੁਰੂ ਅਰਜਨ ਸਹਿਜ ਮੂਰਤ—**

ਇਸ ਵਿਚਾਰ ਦਾ ਅਮਲੀ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਜੀ ਜੀਵਨ ਹੈ। ਆਪ ਜੀ ਦਾ ਜੀਵਨ ਆਦਿ ਤੋਂ ਅੰਤ ਤਕ, ਆਪ ਦੀ ਅਦੁਤੀ ਰਚਨਾ—ਗੁਰੂ ਬਾਣੀ—ਦਾ ਹੀ ਪ੍ਰਤਿਬਿੰਬ ਹੈ। ਜੋ ਵਿਚਾਰ ਆਪ ਜੀ ਦੀ ਬਾਣੀ ਅੰਦਰੋਂ ਸਾਨੂੰ ਮਿਲਦੇ ਹਨ, ਓਹੋ ਆਪ ਦੇ ਜੀਵਨ ਵਿਚ ਮੂਰਤੀਮਾਨ ਹੋਏ ਦਿਸਦੇ ਹਨ।

ਆਪ ਦਾ ਸਾਰਾ ਜੀਵਨ ਬਹੁਤ ਵਡੀ ਘਾਲਨਾ ਵਾਲਾ ਜੀਵਨ ਸੀ। ਆਪ ਕੇਵਲ ਪੰਝੀ ਸਾਲ ਗੁਰ-ਗਦੀ ਤੇ ਰਹੇ, ਪਰ ਇਤਨੇ ਸਮੇਂ ਅੰਦਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ ਸਾਹਿਬ ਮੰਦਰ ਤੇ ਸਰੋਵਰ, ਕਰਤਾਰਪੁਰ, ਸ੍ਰੀ ਹਰਿਗੋਬਿੰਦਪੁਰ ਦੀ ਕਾਇਮੀ ਅਤੇ ਏਨ੍ਹੀਂ ਥਾਈਂ ਵਪਾਰਕ ਕੇਂਦਰਾਂ ਦੀ ਸਥਾਪਤੀ, ਸ੍ਰੀ ਗੁਰੂ ਗ੍ਰੰਥ ਜੀ ਮਹਾਨ ਗ੍ਰੰਥ ਦਾ ਸੰਪਾਦਨ, ੨੨੫੩ ਸ਼ਬਦਾਂ ਅਤੇ ਸੁਖਮਨੀ ਸਾਹਿਬ ਆਦਿਕ ਚਾਰ ਲੰਮੀਆਂ ਬਾਣੀਆਂ ਦੀ ਰਚਨਾ, ਥਾਂ ਪਰ ਥਾਂ ਗੁਰਮਤਿ-ਪਰਚਾਰ ਦੇ ਕੇਂਦਰਾਂ ਦੀ ਸਥਾਪਤੀ ਇਤਨੇ ਵਡੇ ਤੇ ਮਹਾਨ ਕਾਰਜ ਹਨ, ਜੋ ਮਨੁਖੀ ਅਕਲ ਦੀ ਸਮਝ ਤੋਂ ਪਰੇ ਹਨ।

**ਸ੍ਰੀ ਹਰਿਮੰਦਰ ਸਾਹਿਬ—**

ਸਮਾਜ ਨੂੰ ਕੇਂਦਰਤ ਕਰਨ ਲਈ ਅਜਿਹੇ ਸਥਾਨ ਦੀ ਲੋੜ ਸੀ, ਜਿਥੋਂ ਇਹ ਸਦੀਵਕਾਲ ਰੋਸ਼ਨੀ ਪ੍ਰਾਪਤ ਕਰਦਾ ਰਹੇ, ਜਿਥੇ ਵਰਸਦਾ ਨੂਰ ਤ੍ਰੈਕਾਲ ਤ੍ਰੈਲੋਕੀ ਨੂੰ ਅਬਦੀ ਸ਼ਾਂਤੀ, ਸੁਖ ਤੇ ਪਿਆਰ ਦੀਆਂ ਕਿਰਨਾਂ ਨਾਲ ਰੁਸ਼ਨਾਂਦਾ ਰਹੇ ਅਤੇ ਜਿਥੇ ਝਿੰਮ ਝਿੰਮ ਵਰਸਦੀ ਅੰਮ੍ਰਿਤ-ਧਾਰਾ ਇਸ ਤ੍ਰਿਸ਼ਨਾਲੂ ਸੰਸਾਰ ਦੇ ਜੀਵਾਂ ਅੰਦਰ ਲਟ ਲਟ ਮਚਦੀ ਲੋਭ ਤੇ ਹੰਗਤਾ ਦੀ ਅਗਨੀ ਨੂੰ ਸੀਤ ਕਰਦੀ ਰਹੇ। ਇਸ ਦੇ ਲਈ ਸਤਿਗੁਰੂ ਅਰਜਨ ਦੇਵ ਜੀ ਨੇ 'ਰਾਮ ਦਾਸ ਸਰੋਵਰ' ਦੇ ਮਧ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਰਚਨਾ ਕੀਤੀ, ਜਿਸ ਦਾ ਨੀਂਹ-ਪੱਥਰ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੇ ਹੱਥੋਂ ਰਖਵਾ ਕੇ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ"* ਦਾ ਅਮਲੀ ਸਬੂਤ ਦਿਤਾ। ਅਤੇ ਇਸ ਪਾਵਨ ਹਰਿਮੰਦਰ ਸਾਹਿਬ ਤੋਂ ਇਲਾਹੀ ਨਾਦ ਅਥਵਾ ਹਰੀ ਕੀਰਤਨ ਦੀ ਧੁਨਿ ਦੇ ਸਦਾ ਉਠਦੇ ਰਹਿਣ ਦੀ ਤਾਕੀਦ ਕੀਤੀ, ਜੋ ਤਿੰਨ ਸੌ ਸਾਲ ਤੋਂ ਨਿਰੰਤਰ ਉਸੇ ਤਰ੍ਹਾਂ ਉਠਦੀ ਚਲੀ ਆ ਰਹੀ ਹੈ, ਜਿਸ ਧੁਨਿ ਅੰਦਰ ਵਿਘਨ ਪਾਉਣ ਦਾ ਜਦੋਂ ਗੁਰੂ-ਦੋਖੀਆਂ ਵਲੋਂ ਕੋਈ ਭੀ ਜਤਨ ਹੋਇਆ, ਤਾਂ ਗੁਰੂ ਸਿਦਕੀਆਂ ਨੇ ਜਾਨਾਂ ਹੂਲ ਕੇ ਇਸ ਨੂੰ ਮੁੜ ਬਹਾਲ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਹੋਰ ਮਜ਼ਹਬਾਂ ਅਤੇ ਦੇਸਾਂ ਦੇ ਧਰਮ-ਮੰਦਰਾਂ ਨਾਲੋਂ ਵਿਸ਼ੇਸ਼ ਵਿਲੱਖਣਤਾ ਹੈ। ਸ਼ਾਇਦ ਇਹੋ ਕਾਰਨ ਹੈ ਗੁਰੂ ਅਰਜਨ ਦੇਵ ਜੀ ਦੇ ਇਸ ਬਾਰੇ "ਡਿਠੇ ਸਭੇ ਥਾਵ ਨਹੀ ਤੁਧੁ ਜੇਹਾ" (੧੩੬੨) ਕਹਿਣ ਦਾ।......ਸ੍ਰੀ ਹਰਿਮੰਦਰ ਸਾਹਿਬ ਦੇ ਦਰ, ਹਰ ਇਸਤ੍ਰੀ ਮਰਦ ਲਈ, ਭਾਵੇਂ ਕਿਸੇ ਦੇਸ਼, ਧਰਮ, ਫ਼ਿਰਕੇ ਜਾਂ ਸੰਪ੍ਰਦਾਇ ਦਾ ਅਨੁਆਈ ਹੈ, ਸਦਾ ਖੁਲ੍ਹੇ ਹਨ ਅਤੇ ਇਸ ਅੰਦਰ ਊਚ ਨੀਚ, ਛੂਤ ਛਾਤ,

* ਧਨਾਸਰੀ ਮਹਲਾ ੫, ਪੰਨਾ ੬੭੧



www.AKJ.Org

ਬਿਨਾਂ ਕਿਸੇ ਪਖਪਾਤ ਜਾਂ ਵਿਤਕਰੇ ਦੇ ਆ ਜਾ ਸਕਦੇ ਹਨ।......ਹਰਿਮੰਦਰ ਸਾਹਿਬ ਦਾ ਇਹ ਅ-ਬਦਲ ਨਿਯਮ ਹੈ ਕਿ ਏਥੇ ਨਿਰੋਲ ਹਰਿ ਕੀਰਤਨ ਤੋਂ ਬਿਨਾਂ ਕਿਸੇ ਤਰ੍ਹਾਂ ਦੀ ਕੋਈ ਵਿਆਖਿਆ, ਕਥਾ-ਵਾਰਤਾ ਜਾਂ ਵੀਚਾਰ-ਵਟਾਂਦਰਾ ਨਹੀਂ ਹੋ ਸਕਦਾ, ਨਾ ਹੀ ਕੋਈ ਹੋਰ ਵਿਹਾਰਕ ਗੱਲ ਏਥੇ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਸਮੁਚੀ ਗੁਰਬਾਣੀ, ਜੋ ਸਾਰੀ ਹੀ ਰਾਗਾਂ ਵਿਚ ਹੈ ਅਤੇ ਜਿਸ ਦਾ ਸੰਗੀਤਕ ਅਲਾਪ ਅਤਿ ਰਸਭਿੰਨਾ ਅਤੇ ਮਨ ਹਰਨ ਵਾਲਾ ਹੈ, ਦਾ ਨਿਰੋਲ ਕੀਰਤਨ ਇਕਸਾਰ ਏਥੇ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਲਗਾਤਾਰ ਹਰੀ ਪ੍ਰਭੂ ਦੀ ਹੁੰਦੀ ਸਿਫ਼ਤ ਸਾਲਾਹ ਸਦਕਾ ਹੀ ਇਸ ਥਾਉਂ ਨੂੰ 'ਹਰਿਮੰਦਰ' ਕਿਹਾ ਹੈ।

**ਸ਼ਹਾਦਤ—**

ਡਾਕਟਰ ਗੰਡਾ ਸਿੰਘ ਪ੍ਰਸਿਧ ਇਤਿਹਾਸਕਾਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਟਾ ਸੀ ਸ਼ੇਖ ਅਹਿਮਦ ਸਰਹਿੰਦੀ ਜਿਹੇ ਕੱਟੜ ਤੇ ਮੁਤਅਸਬ ਮੁਸਲਮਾਨ ਮੁਲਾਣਿਆਂ ਦੇ ਜਨੂੰਨ, ਅਤੇ ਉਨ੍ਹਾਂ ਵਲੋਂ ਬਾਦਸ਼ਾਹ ਪ੍ਰਤੀ ਦਿਤੀ ਉਕਸਾਹਟ ਅਤੇ ਉਸ ਵਲੋਂ ਸ਼ੇਖ਼ ਸਰਹਿੰਦੀ ਨਾਲ ਕੀਤੇ ਵਾਹਿਦੇ ਦਾ, ਕਿ ਅਗਰ ਸ਼ੇਖ਼ ਸਰਹਿੰਦੀ ਅਤੇ ਉਸ ਦੀ ਪਾਰਟੀ ਤਖ਼ਤ ਹਾਸਲ ਕਰਨ ਵਿਚ ਜਹਾਂਗੀਰ ਦੀ ਮਦਦ ਕਰਨਗੇ ਤਾਂ ਉਹ ਦੇਸ਼ ਅੰਦਰ ਇਸਲਾਮ ਫੈਲਾਉਣ ਵਿਚ ਉਨ੍ਹਾਂ ਦਾ ਪੱਖ ਪੂਰੇਗਾ, ਅਤੇ ਗੁਰੂ ਅਰਜਨ ਦੇਵ ਜੈਸੀਆਂ ਹਸਤੀਆਂ ਤੋਂ, ਜਿਨ੍ਹਾਂ ਨੂੰ ਉਹ ਇਸਲਾਮ ਦੇ ਪਰਚਾਰ ਵਿਚ ਭਾਰੀ ਰੁਕਾਵਟ ਸਮਝਦੇ ਸਨ, ਉਨ੍ਹਾਂ ਦਾ ਰਸਤਾ ਸਾਫ ਕਰ ਦੇਵੇਗਾ। ਚੁਨਾਂਚਿ ਜਹਾਂਗੀਰ ਨੇ ਸ਼ਾਹੀ ਤਖ਼ਤ ਸੰਭਾਲ ਲੈਣ ਤੋਂ ਪਹਿਲੇ ਸਾਲ ਦੇ ਅੰਦਰ ਹੀ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਦੇ ਆਦੇਸ਼ ਜਾਰੀ ਕਰ ਦਿਤੇ। ਇਸ ਸਾਰੀ ਵਾਰਤਾ ਦਾ ਨਿਰਣਾ ਬਾਦਸ਼ਾਹ ਖ਼ੁਦ ਆਪਣੀ ਸਵੈ-ਜੀਵਨੀ 'ਤੁਜ਼ਕਿ ਜਹਾਂਗੀਰੀ' ਵਿਚ ਬੜੇ ਸਪੱਸ਼ਟ ਰੂਪ ਵਿਚ ਕਰਦਾ ਹੋਇਆ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਦੇ ਧਰਮ ਪਰਚਾਰ ਸਦਕਾ ਬਹੁਤ ਸਾਰੇ ਹਿੰਦੂ ਅਤੇ 'ਮੂਰਖ ਤੇ ਬੇਵਕੂਫ਼ ਮੁਸਲਮਾਨ' ਵੀ ਗੁਰੂ ਜੀ ਵਲ ਖਿਚੇ ਜਾ ਰਹੇ ਹਨ, ਜਿਸ ਨੂੰ ਹਮੇਸ਼ਾ ਵਾਸਤੇ ਬੰਦ ਕਰ ਦੇਣ ਲਈ ਉਸ ਨੇ ਗੁਰੂ ਜੀ ਬਾਰੇ ਅਜਿਹਾ ਹੁਕਮ ਜਾਰੀ ਕੀਤਾ।

ਗੁਰੂ ਸਾਹਿਬਾਨ ਦੇ ਇਤਿਹਾਸ ਦਾ ਸਾਧਾਰਨ ਜਾਣਕਾਰ ਅਤੇ ਹਰ ਉਹ ਸ਼ਖ਼ਸ, ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹਰ ਸਾਲ ਮਨਾਏ ਜਾਂਦੇ ਦਿਨ ਬਾਰੇ ਕੁਝ ਵੇਖਿਆ ਜਾਂ ਸੁਣਿਆ ਹੈ, ਭਲੀ ਤਰ੍ਹਾਂ ਜਾਣਦਾ ਹੈ ਕਿ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਧੀਨ ਸਤਿਗੁਰੂ ਜੀ ਨੂੰ ਲਾਲ ਸੂਹੀਆਂ ਤਤੀਆਂ ਤਵੀਆਂ ਉਪਰ ਬਿਠਾਇਆ ਗਿਆ, ਸਿਰ ਉਪਰ ਗਰਮ ਸੜਦੀ ਬਲਦੀ ਰੇਤ ਦੇ ਕੜਛੇ ਉਲਟਾਏ ਗਏ ਅਤੇ ਫਿਰ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਉਣ ਉਪਰੰਤ, ਜਦੋਂ ਉਨ੍ਹਾਂ ਦਾ ਸਰੀਰ ਛਾਲੇ ਛਾਲੇ ਹੋ ਚੁਕਾ ਸੀ, ਉਨ੍ਹਾਂ ਨੂੰ ਦਰਿਆ ਰਾਵੀ ਵਿਚ ਡੋਬ ਦਿਤਾ ਗਿਆ।

ਆਪ ਨੇ ਇਹ ਸਾਰਾ ਕੁਝ ਵਡੇ ਜੇਰੇ ਨਾਲ ਸਹਿਆ। ਆਪ ਇਕ ਆਦਰਸ਼ਕ ਮਨੁਖ ਦਾ ਚਿਤਰ ਦੁਨੀਆ ਸਾਹਮਣੇ ਰਖ ਰਹੇ ਸਨ, ਜੋ "ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ" ਵਿਚ ਆਪ ਨੇ ਅੰਕਤ ਕੀਤਾ ਸੀ।

ਆਮ ਜੀਵਨ ਅਨੇਕ ਕਿਸਮ ਦੀਆਂ ਆਸਾਂ ਅਤੇ ਉਨ੍ਹਾਂ ਦੇ ਪੂਰੇ ਹੋਣ ਦੇ ਫ਼ਿਕਰ ਤੇ ਅੰਦੇਸਿਆਂ ਦਾ ਬੱਧਾ ਡਾਵਾਂ-ਡੋਲ ਹੋਇਆ ਰਹਿੰਦਾ ਹੈ ਅਤੇ ਜੀਵਨ ਅੰਦਰ ਵਾਪਰਦੇ ਦੁਖਾਂ ਸੁਖਾਂ ਅਤੇ ਸਫ਼ਲਤਾਂ ਅਸਫਲਤਾਂ ਕਾਰਨ ਉਸ ਦੇ ਹਿਰਦੇ ਦਾ ਸੰਤੁਲਨ (Balance) ਕਾਇਮ ਨਹੀਂ ਰਹਿੰਦਾ ਅਤੇ ਉਹ ਅਸ਼ਾਂਤ-ਚਿਤ ਹਮੇਸ਼ਾ ਡੋਲਦਾ ਰਹਿੰਦਾ ਹੈ। ਹਿਰਦੇ ਦਾ ਸੰਤੁਲਨ ਕਾਇਮ ਕਰ ਲੈਣਾ ਹੀ ਸਫਲ ਜੀਵਨ ਦੀ ਨਿਸ਼ਾਨੀ ਹੈ। ਇਸ ਨੂੰ ਗੁਰਬਾਣੀ ਅੰਦਰ 'ਸਹਜ' ਦਾ ਨਾਮ ਦਿਤਾ ਹੈ, ਜਿਸ ਸਥਿਤੀ ਅੰਦਰ "ਸਹਜੇ ਹੋਤਾ ਜਾਇ ਸੁ ਹੋਇ"† ਦੀ ਭਾਵਨਾ ਬਣਾਉਣੀ ਪੈਂਦੀ ਹੈ। ਇਸੇ ਨੂੰ "ਹੁਕਮਿ ਰਜਾਈ ਚਲਣਾ" ਕਿਹਾ ਹੈ। ਐਸਾ ਮਨੁਖ ਸਾਰੇ ਕਾਰ ਵਿਹਾਰ ਕਰਦਾ ਹੋਇਆ

* ਧਨਾਸਰੀ ਮਹਲਾ ੫, ਪੰਨਾ ੬੭੧-੭੨ † ਗਉੜੀ ਮਹਲਾ ੫, ਪੰਨਾ ੨੩੬



www.AKJ.Org

ਵਾਹਿਗੁਰੂ ਵਲੋਂ ਵਰਤਦੀ ਰਜ਼ਾ ਨੂੰ ਮੁਖ ਰਖਦਾ ਹੈ, ਅਤੇ ਜੋ ਵਰਤੇ ਉਸ ਉਪਰ ਸੰਤੁਸ਼ਟ ਰਹਿੰਦਾ ਹੈ।

ਸਤਿਗੁਰੂ ਜੀ ਮਨੁਖ ਨੂੰ ਅਜਿਹੇ ਆਦਰਸ਼ਕ ਜੀਵਨ ਦੇ ਰਾਹੇ ਪਾਉਣਾ ਚਾਹੁੰਦੇ ਸਨ, ਜਿਸ ਵਿਚ ਸਰੀਰਕ ਦੁਖ, ਬਲਕਿ ਮੌਤ ਦਾ ਡਰ ਵੀ ਉਸ ਨੂੰ ਡੁਲਾ ਨਾ ਸਕੇ, ਅਥਵਾ ਅਸੰਤੁਲਿਤ (Un-balanced) ਨਾ ਕਰ ਸਕੇ। ਇਸ ਦੇ ਲਈ ਦ੍ਰਿੜ੍ਹ ਇਰਾਦੇ ਨਾਲ ਨਿਰੰਤਰ ਅਭਿਆਸ ਪਕਾਉਣਾ ਪੈਂਦਾ ਹੈ। ਅਭਿਆਸ ਨਾਲ ਹੀ ਮਨ ਸਥਿਰ ਹੁੰਦਾ ਹੈ। ਨਾਮ ਬਾਣੀ ਦੇ ਅਭਿਆਸ ਦੁਆਰਾ ਮਨ ਸਹਿਜੇ ਸਥਿਰ ਹੋ ਜਾਂਦਾ ਹੈ। ਇਸ ਪ੍ਰਥਾਇ ਹੀ ਗੁਰੂ ਅਮਰ ਦਾਸ ਜੀ ਨੇ ਵਡਹੰਸ ਰਾਗ ਵਿਚ ਫੁਰਮਾਇਆ—

ਏ ਮਨ ਨਾਮੁ ਨਿਧਾਨੁ ਤੂ ਪਾਇ ॥ ਆਪਣੇ ਗੁਰ ਕੀ ਮੰਨਿ ਲੈ ਰਜਾਇ ॥੧॥ਰਹਾਉ॥ (੫੬੦)

ਹਿਰਦੇ ਅੰਦਰ ਸੰਚਿਆ ਨਾਮ-ਧਨ ਹਿਰਦੇ ਨੂੰ ਮਜ਼ਬੂਤ ਕਰਦਾ ਅਤੇ ਰਜ਼ਾਈ ਦੀ ਰਜ਼ਾ ਨੂੰ ਖਿੜੇ ਮੱਥੇ ਪ੍ਰਵਾਣ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਮਜ਼ਬੂਤ-ਦਿਲ ਮਨੁਖ ਹੀ ਅਡੋਲ ਰਹਿ ਸਕਿਆ ਕਰਦੇ ਹਨ। ਐਸੇ ਆਤਮ-ਬਲੀ (Strong willed) ਮਨੁਖ ਫਿਰ ਅਜ਼ੱਰ ਮੁਸੀਬਤਾਂ ਨੂੰ ਜਰ ਲੈਂਦੇ ਹਨ, ਕਿਉਂਕਿ ਉਨ੍ਹਾਂ ਦਾ ਆਤਮ-ਬਲ ਉਨ੍ਹਾਂ ਦੀ ਸਹਾਇਤਾ ਕਰ ਰਿਹਾ ਹੁੰਦਾ ਹੈ। "ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ"*। ਐਸੇ ਆਤਮ-ਬਲੀ ਬਣਨ ਲਈ ਸਤਿਗੁਰੂ ਅਰਜਨ ਦੇਵ ਜੀ ਮਨੁਖ ਮਾਤੰਰ ਨੂੰ ਇਉਂ ਸੰਬੋਧਨ ਕਰਦੇ ਹਨ—

ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥ (ਸਲੋਕ ਮ: ੫—੧੧੦੨)

ਐਸੇ ਮਨ ਲਈ ਆਤਮ-ਬਲੀ ਹੋਣਾ ਅਤਿ ਜ਼ਰੂਰੀ ਹੈ। ਆਤਮ-ਬਲੀ ਲਈ ਜ਼ਿੰਦਗੀ ਅਤੇ ਮੌਤ ਸਮਾਨ ਹੋ ਜਾਂਦੇ ਹਨ। "ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭੂ ਭਾਇੰਦਾ॥" (੧੦੫੯) ਸ੍ਰੀ ਗੁਰੂ ਅਰਜਨ ਦੇਵ ਜੀ ਐਸੇ ਆਤਮ-ਬਲੀ ਦਾ ਨਮੂਨਾ ਸੰਸਾਰ ਅਗੇ ਰਖਣਾ ਚਾਹੁੰਦੇ ਸਨ; ਜਿਸ ਦੇ ਲਈ ਉਨ੍ਹਾਂ ਨੇ ਆਪਣੇ ਸਰੀਰ ਉਪਰ ਅਜਰ ਦੁਖ ਸਹੇ।

ਉਨ੍ਹਾਂ ਦੀ ਸ਼ਹੀਦੀ ਦਾ ਵਿਸ਼ਲੇਸ਼ਣ ਸਿਰਫ਼ ਤਿੰਨ ਸ਼ਬਦਾਂ ਵਿਚ ਇਉਂ ਕੀਤਾ ਜਾ ਸਕਦਾ ਹੈ ਕਿ ਆਪ **"ਮਹਾਨ ਬਲਵਾਨ ਆਤਮਾ"** ਸਨ। ਅਜ ਦੀ ਸ਼ਬਦਾਵਲੀ ਵਿਚ ਉਨ੍ਹਾਂ ਨੂੰ ਮਜ਼ਬੂਤ-ਦਿਲ (Strong will) ਦੇ ਮਨੁਖ ਕਹਿ ਦਿਤਾ ਜਾਂਦਾ ਹੈ, ਏਨਾ ਕਹਿ ਦੇਣ ਨਾਲ ਉਸ "ਮਹਾਨ ਬਲਵਾਨ ਆਤਮਾ" ਦੀ ਸਹੀ ਵਿਆਖਿਆ ਨਹੀਂ ਹੁੰਦੀ। ਦੁਨੀਆਵੀ ਬੁਧ ਦਾ ਕੀਤਾ ਹਰ ਵਿਸ਼ਲੇਸ਼ਣ ਸੰਸਾਰਕ ਨੁਕਤਾ-ਨਿਗਾਹ ਹੀ ਪੇਸ਼ ਕਰ ਸਕਦਾ ਹੁੰਦਾ ਹੈ, ਆਤਮਾ ਦੀ ਗੱਲ ਆਤਮਾ ਦੀ ਬੋਲੀ ਵਿਚ ਹੋਣੀ ਹੀ ਉਚਿਤ ਹੈ। ਕੋਈ ਮਨੁਖ ਕਿਸੇ ਮਹਾਨ ਆਤਮਾ ਬਾਰੇ ਕਿੰਨੀ ਕੁ ਸੋਝੀ ਦੇ ਸਕਦਾ ਹੈ, ਇਹ ਕਥਨਹਾਰ ਦੀ ਆਪਣੀ ਆਤਮਾ ਦੇ ਉਚੇ ਨੀਵੇਂ ਹੋਣ ਤੇ ਨਿਰਭਰ ਹੁੰਦਾ ਹੈ। ਜਪੁਜੀ ਬਾਣੀ ਅੰਦਰ ਫ਼ੁਰਮਾਨ ਹੈ—

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥੨੪॥ ਜਪੁਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਆਤਮਾ ਦੀ ਜਾਂਚ ਬਹੁਤ ਉਚੇ ਉਠ ਕੇ ਅਤੇ ਉਨ੍ਹਾਂ ਦੇ ਨੇੜੇ ਹੋਇਆਂ ਹੀ ਹੋ ਸਕਦੀ ਹੈ। ਉਨ੍ਹਾਂ ਦੇ ਜਿਤਨਾ ਨੇੜੇ ਕੋਈ ਹੋਵੇਗਾ, ਉਸ ਦੀ ਉਨ੍ਹਾਂ ਬਾਰੇ ਸੋਝੀ ਓਨੀਂ ਵਿਸ਼ਾਲ ਤੇ ਸਹੀ ਹੋਵੇਗੀ।

* ਰਾਮਕਲੀ ਕੀ ਵਾਰ ਮਹਲਾ ੫, ਪੰਨਾ ੯੫੮


ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਨਾਲ ਹੋਈ ਮੁਲਾਕਾਤ ਸਮੇਂ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਪ੍ਰਭਾਵ-ਸ਼ਾਲੀ ਬਚਨਾਂ ਨੇ ਉਸ ਨੂੰ ਨਾਸਤਕ ਤੋਂ ਆਸਤਕ ਬਣਾ ਦਿਤਾ ਅਤੇ ਕੇਸਾਂ ਦੀ ਦਸੀ ਮਹਾਨਤਾ ਅਨੁਸਾਰ ਉਹ ਸਿਖੀ ਸਰੂਪ ਵਿਚ ਫਾਂਸੀ ਚੜ੍ਹਿਆ।

ਟਰੈਕਟ ਭੇਟਾ ੦-੫੦





www.AKJ.Org

# ਸਭੈ ਘਟਿ ਰਾਮੁ ਬੋਲੈ

## ਸਭੈ ਘਟਿ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥

[ਭਗਤ ਨਾਮਦੇਵ ਜੀ, ਪੰਨਾ ੯੮੮

[ਪ੍ਰੋ: ਗੁਰਮੁਖ ਸਿੰਘ ਜੀ, ੭੯ ਇੰਦਰਪੁਰੀ, ਸਰਹਿੰਦ ਰੋਡ, ਪਟਿਆਲਾ]

ਗੁਰਮਤਿ ਦਾ ਮੁਢਲਾ ਸਿਧਾਂਤ ਹੈ ਕਿ ਪ੍ਰਭੂ ਰਚਨਾ ਦੀ ਹਰ ਵਸਤੂ ਵਿਚ ਰਚਨਹਾਰ ਦੀ ਜੋਤਿ ਰਮ ਰਹੀ ਹੈ। ਇਸ ਜੋਤਿ ਦੀ ਪਹਿਚਾਣ ਕਰਨੀ ਸਿੱਖ ਦੇ ਜੀਵਨ ਦਾ ਸਰਬ-ਉਤਮ ਮਨੋਰਥ ਹੈ। ਜੋਤਿ ਪਰਮ ਸੱਚ ਹੈ। ਇਸ ਸੱਚ ਦੀ ਪ੍ਰਾਪਤੀ ਤੋਂ ਬਿਨਾਂ ਬਾਕੀ ਦੇ ਜੀਵਨ-ਆਦਰਸ਼ ਊਣੇ ਹਨ। ਗੁਰਮਤੀ ਕਦਰਾਂ ਦੇ ਸੰਦਰਭ ਵਿਚ ਜੋਤਿ ਦੇ ਪ੍ਰਕਾਸ਼ ਦਾ ਪਾਤਰ ਬਣਨਾ ਇਕ ਮਹਾਨ ਅਤੇ ਵੱਡਮੁਲੀ ਕਦਰ ਹੈ। ਇਸ ਦੇ ਲਈ ਸਤਿਗੁਰੂ ਦੀ ਕਿਰਪਾ ਅਤਿ ਲੋੜੀਂਦੀ ਹੈ। —ਸੰਪਾਦਕ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨਨਾਥਪੁਰੀ ਦੇ ਮੰਦਰ ਵਿਚ ਪੂਜ ਕੇ ਪੰਡਿਆਂ ਦੀ ਪਰੰਪਰਾਗਤ ਆਰਤੀ ਦੇ ਟਾਕਰ ਤੇ ਜਗਤ ਦੇ ਨਾਥ ਦੀ ਮਹਾਨ ਆਰਤੀ ਦਾ ਗਾਇਨ ਕੀਤਾ: "ਹੇ ਅਕਾਲ ਪੁਰਖ! ਤੇਰੀ ਆਰਤੀ ਲਈ ਆਸਮਾਨ ਮਾਨੋ ਥਾਲ ਹੈ, ਸੂਰਜ ਅਤੇ ਚੰਦ ਦੋ ਦੀਵੇ ਜਗਮਗਾ ਰਹੇ ਹਨ, ਤਾਰਿਆਂ ਨਾਲ ਭਰਿਆ ਆਸਮਾਨ ਮਾਨੋ ਮੋਤੀਆਂ ਨਾਲ ਭਰਿਆ ਵਿਸ਼ਾਲ ਥਾਲ ਹੈ। ਚੰਦਨ ਨਾਲ ਸੁਗੰਧਤ ਹਵਾਵਾਂ ਇਸ ਮਹਾਨ ਆਰਤੀ ਵਿਚ ਧੂਪ ਬਤੀ ਦਾ ਕੰਮ ਕਰ ਰਹੀਆਂ ਹਨ। ਅਤੇ ਸਾਰੀ ਬਨਾਸਪਤੀ ਤੇਰੀ ਆਰਤੀ ਲਈ ਫੁਲ ਹਨ। ਹੇ ਪ੍ਰਭੂ! ਕਿਤਨੀ ਸੁੰਦਰ ਅਤੇ ਵਿਸ਼ਾਲ ਇਹ ਆਰਤੀ ਹੈ।" ਸਤਿਗੁਰੂ ਜੀ ਇਸ ਆਰਤੀ ਦੀ ਹਰ ਚੀਜ਼ ਵਿਚ, ਰਚਨਾ ਦੇ ਜ਼ੱਰੇ ਜ਼ੱਰੇ ਵਿਚ ਉਸ ਜੋਤੀ ਸਰੂਪ ਵਾਹਿਗੁਰੂ ਜੀ ਦਾ ਪ੍ਰਕਾਸ਼ ਵੇਖਦੇ ਹਨ ਤੇ ਕਹਿੰਦੇ ਹਨ ਕਿ ਉਸ ਜੋਤਿ ਰਾਹੀਂ ਪ੍ਰਕਾਸ਼ੇ ਜਾਣ ਨਾਲ ਹੀ ਸਾਰਿਆਂ ਵਿਚ ਚਾਨਣ ਆ ਜਾਂਦਾ ਹੈ। ਪਰ ਜੋਤਿ ਦੇ ਪ੍ਰਕਾਸ਼ ਨੂੰ ਸਮਝਣ ਤੇ (ਆਪਣੇ ਅੰਦਰ) ਪਰਗਟ ਕਰਨ ਲਈ ਗੁਰੂ ਦੀ ਸਿਖਿਆ ਦੀ ਲੋੜ ਪੈਂਦੀ ਹੈ।

ਸਭ ਮਹਿ ਜੋਤਿ, ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥੩॥ (ਧਨਾਸਰੀ ਮ: ੧, ਪੰਨਾ ੬੬੩)

ਸਿਰੀ ਰਾਗ ਵਿਚ ਭੀ ਸਾਹਿਬ ਫੁਰਮਾਉਂਦੇ ਹਨ:—

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ, ਆਵਹੁ ਜਾਹੁ ॥੧॥
(ਸਿਰੀ ਰਾਗੁ ਮ: ੧, ਪੰਨਾ ੨੪–੨੫)

ਭਾਵ, ਜਿਤਨੇ ਜੀਵ ਰਚੇ ਗਏ ਹਨ, ਉਹਨਾਂ ਨੂੰ ਕਿਸੇ ਖ਼ਾਸ ਵਿਉਂਤ ਨਾਲ ਰਚਿਆ ਗਿਆ ਹੈ। ਨਿੱਕੀ ਤੋਂ ਨਿੱਕੀ ਕੀੜੀ, ਨਾ ਦਿਸਣ ਵਾਲੇ ਸੈਲਜ਼ ਤੋਂ ਲੈ ਕੇ ਹਾਥੀ ਗੈਂਡੇ ਵਰਗੇ ਵੱਡੇ ਅਕਾਰ ਦੇ ਜੀਵਾਂ ਵਿਚ ਭੀ ਉਸ ਪ੍ਰਭੂ ਦੀ ਜੋਤਿ ਵਰਤ ਰਹੀ ਹੈ। ਉਸ ਪ੍ਰਭੂ ਦੀ ਜੋਤਿ ਤੋਂ ਬਿਨਾਂ ਕੋਈ ਜੀਵ ਨਹੀਂ। ਇਥੇ ਸੁਰਤਿ ਨੂੰ ਦੋ ਅਰਥਾਂ ਵਿਚ ਵਰਤਿਆ ਗਿਆ ਹੈ ਇਕ ਤਾਂ ਜੋਤਿ, ਅਤੇ ਦੂਜਾ ਚੇਤਨਾ ਜਾਂ ਸੋਝੀ। ਸੋ ਜਿਸ ਜਿਸ ਤਰ੍ਹਾਂ ਦੀ ਜੀਵ ਦੇ ਆਪਣੇ ਆਕਾਰ ਪ੍ਰਕਾਰ ਅਨੁਸਾਰ ਸੋਚ-ਸ਼ਕਤੀ ਹੋਵੇਗੀ, ਉਸ ਉਸ ਰਾਹ ਤੇ ਜੀਵ ਤੁਰਦਾ ਹੈ।

ਪਰ ਸਭ ਜੀਵਾਂ ਲਈ ਇਕੋ ਵਿਉਂਤ (System) ਬਣਾਈ ਗਈ ਹੈ। ਜਿੰਨਾ ਚਿਰ ਗੁਰੂ ਰਾਹੀਂ ਜੋਤਿ ਦੀ ਸੋਝੀ ਨਹੀਂ ਹੋ ਜਾਂਦੀ ਉਤਨਾ ਚਿਰ ਸੰਸਾਰ ਵਿਚ ਫਿਰ ਫਿਰ ਆਣਾ ਜਾਣਾ ਪੈਂਦਾ ਹੈ। ਹਰ ਜੀਵ ਦਾ ਅੰਤਮ ਪੜਾਅ ਜੋਤਿ ਵਿਚ ਸਮਾਉਣਾ ਹੈ।



www.AKJ.Org

ਇਥੇ ਵਿਚਾਰ ਇਸ ਵਿਸ਼ੇ ਤੇ ਕਰਨੀ ਹੈ ਕਿ ਪਸ਼ੂ, ਪੰਛੀ, ਜਾਂ ਜਲ ਵਿਚ ਤੇ ਹਵਾ ਵਿਚ ਵਿਚਰਨ ਵਾਲੇ ਜੀਵਾਂ ਦਾ ਤਾਂ ਮਨੁਖ ਕੀ ਵਿਚਾਰ ਕਰ ਸਕਦਾ ਹੈ, ਉਹ ਤਾਂ ਕੇਵਲ ਮਨੁਖ-ਜਗਤ ਦਾ ਵਿਚਾਰ ਹੀ ਕਰ ਲਵੇ ਤਾਂ ਭੀ ਧੰਨ ਭਾਗ। ਮਨੁਖ-ਜਗਤ ਵਿਚ ਕਈ ਪ੍ਰਕਾਰ ਦੇ ਮਨੁਖ ਤੁਰੇ ਫਿਰਦੇ ਹਨ। ਪਰ ਸਤਿਗੁਰੂ ਜੀ ਸਾਰੀ ਮਨੁਖਤਾ ਨੂੰ ਦੋ ਵਰਗਾਂ ਵਿਚ ਵੰਡਦੇ ਹਨ :-

(੧) ਗੁਰਮੁਖ ਅਤੇ (੨) ਮਨਮੁਖ।

ਜਿਥੋਂ ਤਕ ਜੋਤਿ ਦੇ ਗਤੀਸ਼ੀਲ ਹੋਣ ਦਾ ਸਵਾਲ ਹੈ; ਜੋਤਿ ਮਨਮੁਖ ਵਿਚ ਭੀ ਓਹੀ ਹੈ ਜੋ ਗੁਰਮੁਖ ਵਿਚ ਕੰਮ ਕਰ ਰਹੀ ਹੈ। ਫਿਰ ਜੋਤਿ ਦੇ ਦੋਹਾਂ ਵਿਚ ਵਖਰੇ ਵਖਰੇ ਰੂਪਾਂ ਵਿਚ, ਵਖਰੇ ਵਖਰੇ ਕੰਮ ਧੰਦਿਆਂ ਵਿਚ ਦਰਸ਼ਨ ਕਿਉਂ ਹੁੰਦੇ ਹਨ ? ਗੁਰਮੁਖ ਜੋਤਿ ਵਲ ਗਤੀਸ਼ੀਲ ਦਿਸਦਾ ਹੈ, ਪਰ ਮਨਮੁਖ ਜੋਤਿ ਤੋਂ ਮੁਨਕਰ ਹੋ ਕੇ ਉਸ ਤੋਂ ਦੂਰ ਹੀ ਦੂਰ ਹੁੰਦਾ ਜਾਂਦਾ ਹੈ। ਇਹ ਕਿਉਂ ਹੁੰਦਾ ਹੈ, ਆਉ ਇਸ ਦਾ ਉਤਰ ਗੁਰਬਾਣੀ ਦੀ ਸੇਧ ਵਿਚ ਲਭੀਏ।

'ਸੁਰਤਿ' ਜੋਤਿ ਦਾ ਉਹ ਪਹਿਲੂ ਹੈ ਜਿਸ ਨੂੰ ਜਾਨਣ, ਸੁਣਨ, ਬੁਝਣ, ਸਮਝਣ ਦੀ ਸ਼ਕਤੀ ਕਿਹਾ ਜਾ ਸਕਦਾ ਹੈ। ਗਿਆਨ-ਇੰਦਰੇ (Perceptive Faculties) ਇਸ ਤਰ੍ਹਾਂ ਸਾਡੀ ਬੁਧੀ, ਅਤੇ ਮਨ ਬਾਹਰ ਵਿਸਦੇ ਸੰਸਾਰ ਨੂੰ ਵੇਖ ਕੇ ਨਿਰਣਾ ਕਰਦੇ ਹਨ ਅਤੇ ਹੱਥਾਂ ਪੈਰਾਂ ਨੂੰ ਕੰਮ ਕਰਨ ਜਾਂ ਨਾ ਕਰਨ ਲਈ ਹੁਕਮ ਦਿੰਦੇ ਹਨ।

ਉਂਜ ਤਾਂ ਸਾਡਾ ਸਾਰਾ ਸਰੀਰ (ਸਰੀਰ ਦੇ ਅੰਦਰਲੇ ਅੰਗ ਭੀ) ਕਿਸੇ ਅਣਦਿਸਦੀ ਸ਼ਕਤੀ ਦੁਆਰਾ ਕੰਮ ਕਰਦਾ ਹੈ। ਇਹ ਕੰਮ ਕਰਨ ਵਾਲੀ ਸ਼ਕਤੀ ਹਰ ਛੋਟੇ ਵੱਡੇ ਆਕਾਰ ਦੇ ਸਰੀਰਾਂ ਨੂੰ ਹਰਕਤ ਵਿਚ ਲਿਆਉਂਦੀ ਹੈ। ਗੈਂਡੇ ਤੇ ਹਾਥੀ ਵਰਗੇ ਭਾਰੀ ਸਰੀਰਾਂ ਵਾਲੇ ਪਸ਼ੂ, ਜੋਤਿ ਦੀ ਇਸ ਸ਼ਕਤੀ ਨਾਲ ਹੀ ਤੁਰੇ ਫਿਰਦੇ ਹਨ। ਪਸ਼ੂ-ਜਗਤ ਵਿਚ ਜੋਤਿ ਦੀ ਇਹ ਮੋਟਰ-ਸ਼ਕਤੀ ਕੰਮ ਕਰਦੀ ਹੈ। ਸੁਰਤਿ ਸਮਝ ਵਾਲੀ ਵਿਉਂਤ ਪਸ਼ੂ ਵਿਚ ਕਿਉਂ ਨਹੀਂ ਰੱਖੀ ਗਈ ? ਸਾਡੇ ਪਾਸ ਇਸ ਦਾ ਕੋਈ ਉਤਰ ਨਹੀਂ, ਇਹ ਤਾਂ ਰਚਣਹਾਰ ਹੀ ਜਾਣੇ। ਇਸ ਲਈ ਪਸ਼ੂ ਪੰਖੀ ਜਾਂ ਜਲ ਅਤੇ ਹਵਾ ਵਿਚ ਰਹਿਣ ਵਾਲੇ ਛੋਟੇ ਵੱਡੇ ਜੀਵ ਪਾਪ ਜਾਂ ਪੁੰਨ ਤੋਂ ਆਜ਼ਾਦ ਹਨ।

ਪਰ ਮਨੁਖੀ ਜਗਤ ਵਿਚ ਮਨਮੁਖ ਤੇ ਗੁਰਮੁਖ ਵਿਚ ਜੋਤਿ ਦੇ ਉਪਰੋਕਤ ਦੋਵੇਂ ਪਹਿਲੂ—ਸੁਰਤਿ ਅਤੇ ਹਰਕਤ ਸ਼ਕਤੀਆਂ ਕੰਮ ਕਰਦੀਆਂ ਹਨ। ਪਰ ਕੁਝ ਫ਼ਰਕ ਨਾਲ। "ਗੁਰ ਅਰਜੁਨੁ ਪਰਤਖੁ ਹਰਿ" ਜੋਤਿ ਸਰੂਪ ਤੱਤੀ ਤਵੀ ਤੇ ਬੈਠੇ ਹਨ। ਥਲੇ ਅੱਗ ਵਿਚ ਭੀ ਜੋਤਿ ਹੈ। ਜਹਾਂਗੀਰ ਵਿਚ ਭੀ ਜੋਤਿ ਸੀ, ਉਸ ਦੇ ਉਹਨਾਂ ਕਰਮਚਾਰੀਆਂ ਵਿਚ ਭੀ ਜੋਤਿ ਸੀ, ਜਿਨ੍ਹਾਂ ਨੇ ਗੁਰੂ-ਜੋਤੀ ਦੇ ਸਰੀਰ ਨੂੰ ਤੱਤੀ ਤਵੀ ਤੇ ਬਿਠਾਇਆ, ਦੇਗ ਵਿਚ ਉਬਾਲਿਆ। ਫਿਰ ਸਰੀਰ ਜਲ-ਪਰਵਾਹ ਕੀਤਾ ਗਿਆ। ਜੋਤਿ ਜੋਤਿ ਵਿਚ ਮਿਲ ਗਈ।

ਧਰਮੀ ਪੁਰਸ਼, ਜੋ ਗੁਰੂ ਕੇ ਸਨਮੁਖ ਰਹਿੰਦੇ ਹਨ, ਅਤੇ ਗੁਰੂ ਕੀ ਅਗਿਆ ਵਿਚ ਉੱਚਾ ਸੁੱਚਾ ਪਰਉਪਕਾਰੀ ਜੀਵਨ ਬਿਤਾਂਦੇ ਹਨ, ਐਸੇ ਧਰਮੀ ਪੁਰਸ਼ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਜੋਤੀ ਦੇ ਪ੍ਰਗਟ ਪਹਾਰੇ ਦਰਸ਼ਨ ਕਰਦੇ ਹਨ। ਉਨ੍ਹਾਂ ਨੂੰ ਗੁਰੂ ਅਰਜਨ ਸਾਹਿਬ "ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ" ਜ਼ਾਹਰਾ ਜ਼ਹੂਰ ਜੋਤਿ ਸਰੂਪ ਦਿਖਾਈ ਦਿੰਦੇ ਹਨ। ਸਾਈਂ ਮੀਆਂ ਮੀਰ ਵਰਗੇ ਰੱਬ ਦੇ ਪਿਆਰੇ ਨੂੰ ਗੁਰੂ ਅਰਜਨ ਪਾਤਸ਼ਾਹ ਅੰਦਰ ਰੱਬੀ ਜੋਤਿ ਦੇ ਸਾਮਰਤੱਖ ਦਰਸ਼ਨ ਹੋ ਰਹੇ ਸਨ ਅਤੇ ਉਹ ਸਾਈਂ "ਜੋਤਿ ਰੂਪਿ ਹਰਿ ਆਪਿ" ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨੂਰਾਨੀ ਰੰਗ ਵੇਖ ਵੇਖ ਚਕ੍ਰਿਤ ਹੋ ਰਿਹਾ ਸੀ ਕਿ ਇਹ ਕੀ ਭਾਣੇ ਵਰਤ ਰਹੇ ਹਨ। ਪਰ ਪਾਪ ਕਰਮਾਂ ਤੇ ਜ਼ੁਲਮਾਂ ਨਾਲ ਮਲੀਨ ਤੇ ਮਨੂਰ ਹਿਰਦੇ ਮਨਮੁਖਾਂ ਨੂੰ, ਜਹਾਂਗੀਰ ਤੇ ਉਸ ਦੇ ਭ੍ਰਿਸ਼ਟ ਕਰਮਚਾਰੀਆਂ ਨੂੰ ਅਤੇ ਮਾਨ-ਮਤੇ ਹਉਮੈ-ਗ੍ਰਸੇ ਖੋਟੀ ਮਤ ਵਾਲੇ ਚੰਦੂ ਨੂੰ ਐਸੀ ਮਹਾਨ ਜੋਤੀ ਦੀ ਕੀ ਸਾਰ ਹੋ ਸਕਦੀ ਹੈ ? ਉਹ ਮਨਮੁਖ ਤਾਂ ਮੰਦੀਆਂ ਕਰਤੂਤਾਂ ਤੇ ਨੀਚ ਕਰਮਾਂ ਕਰਕੇ ਅਗਿਆਨ ਵਸ ਅੰਨ੍ਹੇ ਹੋਏ ਪਏ ਸਨ।

ਪਰ ਸਵਾਲ ਖੜਾ ਰਿਹਾ, ਐਸਾ ਕਿਉਂ ਹੁੰਦਾ ਹੈ ? ਉਤਰ ਇਹ ਹੈ :—

ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥
ਦੁਹਾ ਸਿਰਿਆ ਆਪੇ ਖਸਮੁ, ਵੇਖੈ ਕਰਿ ਵਿਉਪਾਇ ॥



www.AKJ.Org

ਨਾਨਕ, ਏਵੈਂ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥੨੨॥
(ਸਲੋਕ ਮ: ੨, ਵਾਰ ਮਾਝ, ਪੰਨਾ ੧੪੮)

ਭਾਵ ਗੁਰਮੁਖ ਅਤੇ ਮਨਮੁਖ ਵਿਚਕਾਰ ਦਿਸਦੇ ਟਕਰਾਉ ਪਿਛੇ, ਜਾਂ ਇਉਂ ਕਹਿ ਲਈਏ ਕਿ ਨੇਕੀ ਅਤੇ ਬਦੀ ਦੇ ਆਪਸੀ ਸੰਘਰਸ਼ ਪਿਛੇ ਉਹ ਰਚਣਹਾਰ ਆਪ ਹੀ ਹੁੰਦਾ ਹੈ, ਅਤੇ ਜੋ ਕੁਝ ਹੁੰਦਾ ਹੈ ਉਸ ਪਰਮੇਸ਼ਰ ਦੇ ਅਗੰਮੀ ਨਿਆਂ ਅਤੇ ਹੁਕਮ ਅਨੁਸਾਰ ਹੀ ਹੁੰਦਾ ਹੈ। ਉਹ ਅਗੰਮੀ ਜੋਤਿ ਹੀ ਵਿਉਪਾਇ ਨਿਰਣਾ ਕਰਦੀ ਹੈ। ਜਹਾਂਗੀਰ ਖ਼ਤਮ ਹੋ ਗਿਆ, ਉਸਦੇ ਕਾਰਿੰਦੇ ਭੀ ਮਰ ਮੁੱਕ ਗਏ, ਪਰ ਸਤਿਗੁਰੂ ਅਰਜਨ ਦੇਵ ਅੱਜ ਭੀ ਜ਼ਿੰਦਾ ਹਨ। ਜੋਤਿ ਤਾਂ ਇਕੋ ਹੀ ਸੀ, ਪਰ ਉਸ ਨੇ ਅਨੇਕਾਂ ਰੂਪ ਧਾਰ ਕੇ ਖੇਲ ਦਿਖਾਇਆ।

ਏਕੋ ਪਵਣੁ, ਮਾਟੀ ਸਭ ਏਕਾ, ਸਭ ਏਕਾ ਜੋਤਿ ਸਬਾਈਆ ॥
ਸਭ ਇਕਾ ਜੋਤਿ ਵਰਤੈ ਭਿਨਿ ਭਿਨਿ, ਨ ਰਲਈ ਕਿਸੈ ਦੀ ਰਲਾਈਆ ॥੩॥
(ਮਾਝ ਮ: ੪, ਪੰਨਾ ੯੬)

ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿਰਾਲੇ ਅੰਦਾਜ਼ ਵਿਚ ਇਸੇ ਸਿਧਾਂਤ ਨੂੰ ਗੁਰਮਤਿ ਅੰਦਰ ਪਰਚਾਰਿਆ—

ਮੇਰ ਸਾਹਿਬਾ, ਤੇਰੇ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਆਪੇ ਸਰਬ ਸਮਾਣਾ ॥ਰਹਾਉ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ, ਤੇਰਾ ਰੂਪੁ ਕਿਨੇਹਾ ॥
ਇਕਤੁ ਰੂਪਿ ਫਿਰਹਿ ਪਰਛੰਨਾ, ਕੋਇ ਨ ਕਿਸਹੀ ਜੇਹਾ ॥੨॥੪॥ (ਸੋਰਠਿ ਮ: ੧—੫੯੬)

ਸਾਹਿਬ ਦੇ ਚੋਜ ਤਮਾਸ਼ੇ ਬੜੇ ਹੈਰਾਨ ਕਰਨ ਵਾਲੇ ਹਨ। ਜਲ, ਥਲ ਅਤੇ ਆਕਾਸ਼ (ਪੁਲਾੜ) ਦੇ ਜ਼ੱਰੇ ਜ਼ੱਰੇ ਵਿਚ ਉਹ ਸਮਾਇਆ ਹੋਇਆ ਹੈ। ਜਿਨ੍ਹਾਂ ਨੂੰ ਜੋਤਿ ਦੇ ਦਰਸ਼ਨ ਹੋ ਜਾਂਦੇ ਹਨ, ਉਹ ਹੀ ਇਹ ਕਹਿ ਸਕਦੇ ਹਨ ਕਿ ਜਿਧਰ ਭੀ ਵੇਖਦੇ ਹਾਂ, ਭਿੰਨਤਾ ਵਿਚ ਭੀ ਤੇਰੀ ਹੀ ਜੋਤਿ ਦੇ ਦਰਸ਼ਨ ਹੁੰਦੇ ਹਨ (There is a Unity in diversity), ਕਿਉਂਕਿ ਅਨੇਕਾਂ ਰੂਪਾਂ ਰੰਗਾਂ ਵਿਚ ਤੂੰ ਲੁਕਿਆ ਹੋਇਆ ਹੈਂ, ਫਿਰ ਤੇਰਾ ਅਸਲੀ ਰੂਪ (ਕਿਨੇਹਾ) ਕਿਹੜਾ ਹੈ ? ਇਹ ਭੇਦ ਤਾਂ ਗੁਰੂ ਹੀ ਦਸਦਾ ਹੈ, ਜਦੋਂ ਮਿਹਰ ਕਰਦਾ ਹੈ।

ਭਿੰਨ ਭਿੰਨ ਰੂਪਾਂ ਵਿਚ ਉਸ ਨੂੰ ਪਹਿਚਾਨ ਲੈਣਾ, ਇਹੋ ਸਭ ਤੋਂ ਕਠਨ ਖੇਡ ਹੈ। ਸਾਰਾ ਸੰਸਾਰ, ਭਿੰਨਤਾ ਵਿਚ ਹੀ ਜੰਮਦਾ ਹੈ ਤੇ ਭਿੰਨਤਾ ਵਿਚ ਹੀ ਮਰ ਜਾਂਦਾ ਹੈ। ਅੰਦਰ ਜੋਤਿ ਮੌਜੂਦ ਹੁੰਦਿਆਂ ਹੋਇਆਂ ਭੀ, ਸਾਡਾ ਮਨ, ਜਾਂ ਸਾਡੀ ਬੁਧੀ ਉਸ ਦੇ ਦਰਸ਼ਨ ਨਹੀਂ ਕਰ ਸਕਦੀ, ਕਿਉਂਕਿ ਸਾਡੇ ਅਤੇ ਜੋਤਿ ਦੇ ਵਿਚਕਾਰ ਉਸ ਦੇ ਹੁਕਮ ਅਨੁਸਾਰ ਹਰ ਜੀਵ ਵਿਚ ਹਉਮੈ (Ego) ਦਾ ਪੜਦਾ ਉਸਾਰਿਆ ਹੋਇਆ ਹੈ, ਜਿਸ ਕਰਕੇ ਹਰ ਇਕ ਜੀਵ ਆਪਣੇ ਆਪ ਨੂੰ ਇਕ ਮੁਕੰਮਲ ਯੂਨਿਟ, ਜਾਂ ਸ਼ਖਸੀਅਤ ਮੰਨਦਾ ਹੈ। ਉਹ ਆਪਣੀ ਵਿਅਕਤਿਤਵ(Individuality ਨੂੰ ਹਰ ਕੀਮਤ ਤੇ ਕਾਇਮ ਰਖਣਾ ਚਾਹੁੰਦਾ ਹੈ। ਪੱਛਮ ਵਿਚ ਇਸੇ ਸਿਧਾਂਤ ਤੇ ਆਧਾਰਤ ਉਨੀਵੀਂ ਸਦੀ ਵਿਚ ਇਕ ਫ਼ਲਸਫਾ ਉਭਰਿਆ ਵਿਅਕਤੀਵਾਦ (Individualism), ਅਤੇ ੧੯ਵੀਂ ਸਦੀ ਵਿਚ ਤਕੜੇ ਵਾਦ ਵਿਵਾਦ ਦਾ ਵਿਸ਼ਾ ਬਣਿਆ ਰਿਹਾ (Individual Vs society) ਕੀ ਵਿਅਕਤੀ ਸਮਾਜ ਲਈ ਕੁਰਬਾਨੀ ਦੇਵੇ ਆਪਣੇ ਵਿਅਕਤਿਤਵ ਦੀ ? ਜੇਕਰ ਸਮਾਜ ਵਿਅਕਤੀ ਦੇ ਵਿਕਾਸ ਲਈ ਕੁਝ ਨਹੀਂ ਕਰਦਾ ਤਾਂ ਐਸੇ ਸਮਾਜ ਦਾ ਕੀ ਲਾਭ ? ਇਹੋ ਜਿਹੇ ਸਵਾਲ ਬੜੇ ਤਕੜੇ ਵਾਦ-ਵਿਵਾਦ ਦਾ ਵਿਸ਼ਾ ਬਣੇ ਰਹੇ। ਅਤੇ ਅਜੇ ਤਕ ਇਹਨਾਂ ਸਵਾਲਾਂ ਦਾ ਪੂਰਨ ਤੌਰ ਤੇ ਕੋਈ ਨਿਰਣਾ ਨਹੀਂ ਹੋ ਸਕਿਆ ਅਤੇ ਨਾ ਹੀ ਹੋ ਸਕਦਾ ਹੈ। ਕਿਉਂਕਿ ਜਿੰਨਾ ਚਿਰ ਤੱਕ ਵਿਅਕਤੀ ਦੀ ਹਉਮੈ ਕਾਇਮ ਹੈ, ਇਹ ਟਕਰਾਅ ਲਾਜ਼ਮੀ ਹੈ।

ਪੱਛਮੀ ਸਭਿਅਤਾ ਧਾਤ (Materialism) ਤੋਂ ਉਸਰੀ ਹੈ। ਉਹਨਾਂ ਨੂੰ ਅਜੇ ਹੋਰ ਕਈ ਸੌ ਸਾਲ ਲਗਣਗੇ ਜੋਤਿ ਦੀ ਗੱਲ ਸਮਝਣ ਵਿਚ। ਗੁਰਮਤਿ ਇਹ ਨਿਰਣਾ ਕਰਦੀ ਹੈ ਕਿ ਜੋਤਿ ਹਰ ਮਨੁਖ ਦੇ ਅੰਦਰ ਹੈ,


www.AKJ.Org

ਹਰ ਜੀਵ ਦੇ ਅੰਦਰ ਸਮਾਈ ਹੋਈ ਹੈ। ਪਰ ਹਉਮੈ ਦੇ ਕਾਲੇ-ਬੋਲੇ ਪਰਦੇ ਕਰਕੇ ਉਸਨੂੰ ਪਤਾ ਨਹੀਂ ਲਗਦਾ। ਸੁਣਦੇ ਤਾਂ ਹਾਂ ਕਿ ਉਹ ਜੋਤੀ ਸਰੂਪ ਵਾਹਿਗੁਰੂ ਸਾਡੇ ਹੱਥਾਂ ਪੈਰਾਂ ਨਾਲੋਂ ਭੀ ਜ਼ਿਆਦਾ ਨੇੜੇ ਹੈ, ਪਰ ਪਤਾ ਨਹੀਂ ਲਗਦਾ। ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥੪॥੧॥ (ਸੋਰਠਿ ਰਵਿਦਾਸ ਜੀ–੬੫੮)

ਦਿਸਦਾ ਨਹੀਂ, ਕਿਉਂਕਿ—

(ੳ) ਹਉ ਹਉ ਭੀਤਿ ਭਇਓ ਹੈ ਬੀਚੋ, ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ, ਬਿਨੁ ਪੇਖੇ ਦੂਰਾਇਓ ॥੩॥੬੧॥ (ਸੋਰਠਿ ਮ: ੫–੬੨੪)

(ਅ) ਨਿਕਟਿ ਸੁਨਉ ਅਰੁ ਪੇਖਉ ਨਾਹੀ, ਭਰਮਿ ਭਰਮਿ ਦੁਖ ਭਰੀਆ ॥
ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ, ਮਿਲਉ ਲਾਲ ਮਨੁ ਹਰੀਆ ॥੧॥੨੪॥
(ਸਾਰਗ ਮ: ੫–੧੨੦੯)

ਲਿਵ ਦੇ ਮਾਰਗ ਦੇ ਪਾਂਧੀ ਇਸ ਹਾਲਤ ਨੂੰ ਵੱਡਾ ਦੁਖ ਮੰਨਦੇ ਹਨ ਕਿ ਅੰਦਰ ਪ੍ਰੀਤਮ ਵਸਦਾ ਹੋਵੇ ਤੇ ਉਸ ਦੀ ਜੋਤਿ ਦੇ ਦਰਸ਼ਨ ਨਾ ਹੋਣ, ਨਾ ਹੀ ਉਹ ਕਦੇ ਬੋਲੇ। ਇਹ ਕਿਵੇਂ ਬਰਦਾਸ਼ਤ ਹੋਵੇ ? ਜ਼ਰਾ ਕਬੀਰ ਜੀ ਨੂੰ ਪੁਛ ਕੇ ਵੇਖੋ :– ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ॥ ਕਿਨ ਬਿਧਿ ਰਹਨਿ ਰਹਉ ਰੇ ॥
ਸੇਜੈ ਰਮਤੁ ਨੈਨ ਨਹੀ ਪੇਖਉ, ਇਹੁ ਦੁਖੁ ਕਾ ਸਉ ਕਹਉ ਰੇ ॥੧॥ਰਹਾਉ॥੨੫॥
(ਆਸਾ ਕਬੀਰ ਜੀ, ਪੰਨਾ ੪੮੨)

ਮਨਮੁਖ ਨੂੰ ਪਤਾ ਹੀ ਨਹੀਂ ਕਿ ਜੋਤਿ ਅੰਦਰ ਵਸਦੀ ਹੈ। ਉਸਨੂੰ ਦੁਖ ਕਾਹਦਾ ? ਜੋਤਿ ਦੇ ਵਿਕਾਸ ਵਿਚ ਇਹ ਭੀ ਇਕ ਅਹਿਮ ਪੜਾਅ ਹੈ, ਜਦੋਂ ਮਨੁਖ ਦੀ ਆਪਣੀ ਹੋਂਦ ਜ਼ਿਆਦਾ ਪਰਭਾਵਸ਼ਾਲੀ ਹੁੰਦੀ ਹੈ, ਉਸ ਹਾਲਤ ਵਿਚ ਰੱਬੀ ਹੋਂਦ ਸਾਡੇ ਅੰਦਰ ਕਲਪਨਾ ਮਾਤਰ ਤਾਂ ਹੁੰਦੀ ਹੈ, ਧੁਰ ਅੰਦਰ ਨਹੀਂ ਗਈ ਹੁੰਦੀ :—

ਜਬ 'ਹਮ' ਹੋਤੇ, ਤਬ 'ਤੁਮ' ਨਾਹੀ, ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ, ਏਕੈ ਦੇਖਤ ਮਨੁ ਪਤੀਆਹੀ ॥੧॥੭੨॥
(ਗਉੜੀ ਕਬੀਰ ਜੀ, ੩੩੯)

ਮਨਮੁਖੀ ਹਾਲਤ ਵਿਚ ਤਾਂ ਮੈਂ ਹੀ ਮੈਂ ਪਰਧਾਨ ਹੈ।

ਪਰ ਇਸ ਤੋਂ ਅਗਲੇਰਾ ਪੜਾਅ ਕੇਵਲ ਗੁਰਪ੍ਰਸਾਦਿ ਰਾਹੀਂ ਹੀ ਜਾਣਿਆ ਜਾਂਦਾ ਹੈ, ਜਦੋਂ ਰਾਮ ਤੇ ਕਬੀਰ ਇਕ ਹੀ ਹੋ ਜਾਂਦੇ ਹਨ।

ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ, ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ (ਮਾਰੂ ਮ: ੩–੧੦੫੬)

ਜੋਤਿ ਦੇ ਦਰਸ਼ਨ ਕਰਨੇ ਜਿਥੇ ਹਰ ਸਿੱਖ ਦੇ ਆਤਮ-ਵਿਗਾਸ ਦੀ ਸਿਖਰ ਮਿਥੀ ਗਈ ਹੈ ਉਥੇ ਇਹ ਕਦਰ ਸਾਡੇ ਆਲੇ ਦੁਆਲੇ ਦੇ ਅਨੇਕਾਂ ਧਰਮਾਂ ਦੀਆਂ ਉਚਤਮ ਸਿਖਰਾਂ ਨਾਲੋਂ ਕਿਤੇ ਉਚੇਰੀ ਹੈ। ਸਾਮੀ ਧਰਮ (ਈਸਾਈ, ਯਹੂਦੀ, ਅਤੇ ਇਸਲਾਮ) ਅੰਤਮ-ਨਿਆਂ (The Day of Judgement) ਨੂੰ ਸਿਖਰ ਮੰਨ ਕੇ ਅੰਤਮ ਨਿਆਂ ਹੋਣ ਉਪਰੰਤ ਅਜੇ ਸਵਰਗ ਜਾਂ ਨਰਕ ਤਕ ਮਸਾਂ ਅਪੜਨ ਦੀ ਆਸ ਰਖਦੇ ਹਨ। ਜੈਨੀਆਂ ਅਤੇ ਬੋਧੀਆਂ ਦਾ ਜੋਤਿ ਤੇ ਵਿਸ਼ਵਾਸ ਹੀ ਨਹੀਂ। ਵੈਦਕ ਅਤੇ ਪੌਰਾਣਿਕ ਧਰਮ 'ਅਹੰ ਬ੍ਰਹਮ ਅਸਮੀ' "ਮੈਂ ਹੀ ਰੱਬ ਹਾਂ" ਛਾਲ ਜ਼ਰੂਰ ਮਾਰਦਾ ਹੈ, ਪਰ ਉਸ ਪਾਸ ਗੁਰਪ੍ਰਸਾਦ ਕਿਥੇ ? ਤੇ ਗੁਰਪ੍ਰਸਾਦ ਤੋਂ ਬਿਨਾਂ ਇਸ ਧਰਮ ਦੇ ਪੈਰੋਕਾਰ ਅਨੇਕ ਦੇਵੀ ਦੇਵਤਿਆਂ ਦੀ ਪੂਜਾ ਵਿਚ ਲਗ ਗਏ। ਕਰਮ-ਕਾਂਡ ਅਤੇ ਵਰਣ-ਵੰਡ ਨੇ ਜੋਤਿ ਦੇ ਮਿਲਾਪ ਦੇ ਸੰਕਲਪ ਨੂੰ ਉੱਕਾ ਹੀ ਧੁੰਦਲਾ ਕਰ ਦਿਤਾ ਹੈ।

ਹਰ ਸਿੱਖ ਦਾ ਇਹ ਜਤਨ ਹੋਣਾ ਚਾਹੀਦਾ ਹੈ ਕਿ ਜੋਤਿ ਵਲ ਅਗੇ ਵਧਣ ਲਈ ਨਾਮ ਬਾਣੀ ਅਤੇ ਸਤਸੰਗ ਦੀ ਓਟ ਲਵੇ। ਆਪਣੇ ਅੰਦਰ ਜੋਤਿ ਦਾ ਪ੍ਰਕਾਸ਼ ਕਰਨਾ ਗੁਰਮਤਿ ਦੀ ਸਰਬੋਤਮ ਕਦਰ ਹੈ।



www.AKJ.Org

# ਗੁਰਬਾਣੀ ਦਾ ਸ਼ੁਧ ਉਚਾਰਨ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਗੁਰਬਾਣੀ ਦਾ ਪਾਠ ਕਰਦਿਆਂ ਕਈ ਨਾਂਵ-ਸ਼ਬਦਾਂ ਦੇ ਅੰਤਲੇ ਅਖਰਾਂ ਨੂੰ ਕਿਧਰੇ ( ੁ ) ਅਤੇ ਕਿਧਰੇ ( ਿ ) *ਹ੍ਰਸਵ-ਸੂਰ ਲਗੇ ਮਿਲਦੇ ਹਨ। ਅਜੋਕੇ ਪੰਜਾਬੀ ਸਾਹਿਤ ਵਿਚ ਹ੍ਰਸਵ-ਸੂਰਾਂ ਦੀ ਵਰਤੋਂ ਸ਼ਬਦਾਂ ਦੇ ਅੰਤਲੇ ਅਖਰਾਂ ਨਾਲ ਨਹੀਂ ਹੁੰਦੀ।

ਇਸ ਸ਼ਰੇਣੀ ਦੇ ਸ਼ਬਦਾਂ ਵਿਚ ਕੁਝ ਕੁ ਅਜਿਹੇ ਹਨ ਜਿਨ੍ਹਾਂ ਵਿਚ ਹ੍ਰਸਵ-ਸੂਰ ਉਹਨਾਂ ਸ਼ਬਦਾਂ ਦੀ ਬਣਤਰ ਦਾ ਸਾਹਿਤਕ ਤੌਰ ਤੇ ਮੂਲਕ ਭਾਗ ਹਨ; ਜਿਵੇਂ :-

| | | | | | | | |
|---|---|---|---|---|---|---|---|
| ( ੁ ) | ਮੈਲੁ | ਰਤੁ | ਰੇਣੁ | ਵਸਤੁ | ਖਾਕੁ | ਜਿੰਦੁ | |
| ( ਿ ) | ਰੈਣਿ | ਰੀਤਿ | ਪ੍ਰੀਤਿ | ਮੂਰਤਿ | ਬੁਧਿ | ਦਾਤਿ | ਪਤਿ |

ਦੂਜੇ ਪਾਸੇ ਕੁਝ ਨਾਂਵ-ਸ਼ਬਦਾਂ ਦੇ ਅੰਤਲੇ ਅਖਰਾਂ ਨੂੰ ਇਹ ਹ੍ਰਸਵ-ਸੂਰ ( ਿ ਅਤੇ ੁ ) ਕਾਰਕ-ਚਿੰਨ੍ਹ ਦੇ ਤੌਰ ਤੇ ਲਗਦੇ ਹਨ, ਜੋ ਸੰਬੰਧਕੀ ਰੂਪ ਵਿਚ ਸੰਬੰਧਕੀ ਪਦਾਂ ਦਾ ਕੰਮ ਦੇਂਦੇ ਹਨ, ਜਿਵੇਂ :-

| ਸ਼ਬਦ ਦਾ ਮੂਲ ਰੂਪ | ਕਾਰਕ-ਚਿੰਨ੍ਹ ਸੰਜੁਕਤ ਰੂਪ | |
|---|---|---|
| | †ਸਾਧਾਰਨ, ਇਕ ਵਚਨ, ਪੁਲਿੰਗ | ‡ਸੰਬੰਧਕੀ, ਇਕ ਵਚਨ, ਪੁਲਿੰਗ |
| ਗੁਰ | ਗੁਰੁ | ਗੁਰਿ |
| ਪ੍ਰਭ | ਪ੍ਰਭੁ | ਪ੍ਰਭਿ |
| ਅਲਹ | ਅਲਹੁ | ਅਲਹਿ |
| ਸਹ | ਸਹੁ | ਸਹਿ |
| ਮਨ | ਮਨੁ | ਮਨਿ |
| ਓਅੰਕਾਰ | ਓਅੰਕਾਰੁ | ਓਅੰਕਾਰਿ |
| ਪ੍ਰਸਾਦ | ਪ੍ਰਸਾਦੁ | ਪ੍ਰਸਾਦਿ |

ਪੰਜਾਬੀ ਸਾਹਿਤ ਦੇ ਅਜੋਕੇ ਵਿਦਵਾਨ ਸਜਣਾਂ ਵਿਚੋਂ ਇਕ ਧਿਰ ਦਾ ਵਿਚਾਰ ਹੈ ਕਿ ਸ਼ਬਦਾਂ ਦੇ ਅੰਤਲੇ ਅਖਰਾਂ ਨਾਲ ਲਗੇ ਇਹ ਹ੍ਰਸਵ-ਸੂਰ ( ੁ ਅਤੇ ਿ ) ਉਚਾਰਨ ਵਿਚ ਨਹੀਂ ਆਉਂਦੇ। ਇਸ ਸੰਬੰਧੀ ਉਹਨਾਂ ਵਲੋਂ ਹੇਠ-ਲਿਖੀਆਂ ਦਲੀਲਾਂ ਦਿਤੀਆਂ ਜਾਂਦੀਆਂ ਹਨ :-

(ੳ) ਸ਼ਬਦਾਂ ਦੇ ਅੰਤਲੇ ਅਖਰ ਨਾਲ ਹ੍ਰਸਵ-ਸੁਰ ( ੁ ਅਤੇ ਿ ) ਕਾਰਕ ਚਿੰਨ੍ਹ ਦੇ ਤੌਰ ਤੇ ਆਉਂਦੇ ਹਨ, ਜਿਨ੍ਹਾਂ ਦਾ ਸੰਬੰਧ ਸ਼ਬਦਾਂ ਦੇ ਅਰਥਾਂ ਨਾਲ ਹੁੰਦਾ ਹੈ, ਉਚਾਰਨ ਨਾਲ ਨਹੀਂ।

(ਅ) ਇਹਨਾਂ ਹ੍ਰਸਵ-ਸੂਰਾਂ ( ੁ ਅਤੇ ਿ ) ਦਾ ਉਚਾਰਨ ਕਰਨ ਲਗਿਆਂ ਇਹਨਾਂ ਦੀ ਹ੍ਰਸਵ-ਧੁਨੀ ਲਮਕ ਕੇ ਕਰਮਵਾਰ ( ੂ ) ਅਤੇ ( ੀ ) ਵਲ ਉਲਾਰ ਹੋ ਜਾਂਦੀ ਹੈ, ਜਿਸ ਨਾਲ ਸ਼ਬਦ ਦੀ ਸਾਹਿਤਕ ਬਣਤਰ ਬੇ-ਢਬੀ ਹੋ ਜਾਂਦੀ ਹੈ। ਉਚਾਰਨ ਦੇ ਅਜਿਹੇ ਬਿਗਾੜ ਨੂੰ ਰੋਕਣ ਲਈ ਇਹਨਾਂ ਦੋਵਾਂ ਹ੍ਰਸਵ-ਸੂਰਾਂ ( ੁ ਅਤੇ ਿ ) ਨੂੰ ਉਚਾਰਨ ਦਾ ਭਾਗ ਨਹੀਂ ਬਨਾਉਣਾ ਚਾਹੀਦਾ।

ਉਪਰੋਕਤ ਦਲੀਲਾਂ ਦੇ ਸਮਾਧਾਨ ਲਈ ਥਲੇ ਕੁਝ ਤੱਥ ਦਿਤੇ ਜਾਂਦੇ ਹਨ, ਜਿਨ੍ਹਾਂ ਦੀ ਰੋਸ਼ਨੀ ਵਿਚ ਯਥਾਰਥ ਦੇ ਨੇੜੇ ਪੁਜਣ ਵਿਚ ਸਹਾਇਤਾ ਮਿਲ ਸਕਦੀ ਹੈ :-

---

* 'ਹ੍ਰਸਵ ਸੂਰ' ਤੋਂ ਭਾਵ ਅਜਿਹੇ ਸੂਰ ਹਨ ਜਿਨ੍ਹਾਂ ਦੀ ਧੁਨੀ ਲਘੂ (ਕੋਮਲ, ਹਲਕੀ ਜਿਹੀ) ਹੁੰਦੀ ਹੈ। ਪੰਜਾਬੀ ਦੇ ਦਸ ਸੂਰਾਂ ਵਿਚੋਂ ਤਿੰਨ (ਅ, ਇ, ਉ) ਹ੍ਰਸਵ ਸੂਰ ਹਨ ਅਤੇ ਬਾਕੀ ਸਤ [ਆ, ਈ, ਊ, ਏ, ਐ, ਓ, ਔ] ਦੀਰਘ ਸੂਰ ਹਨ।

† ਸਾਧਾਰਨ ਰੂਪ : ਜਦੋਂ ਨਾਂਵ-ਸ਼ਬਦ ਦੇ ਅਗੇ ਕੋਈ ਸੰਬੰਧਕੀ ਪਦ ਨਾ ਵਰਤੀਂਦਾ ਹੋਵੇ।

‡ ਸੰਬੰਧਕੀ ਰੂਪ : ਜਦੋਂ ਨਾਂਵ-ਸ਼ਬਦ ਦੇ ਨਾਲ ਕੋਈ ਸੰਬੰਧਕੀ ਪਦ ਆਉਂਦਾ ਹੋਵੇ; ਪ੍ਰਗਟ ਜਾਂ ਕਾਰਕ ਚਿੰਨ੍ਹ ਦੇ ਰੂਪ ਵਿਚ।



www.AKJ.Org

(੧) ਪੰਜਾਬੀ ਬੋਲੀ ਦੇ ਤ੍ਰੈ ਪ੍ਰਮੁਖ ਅੰਗ ਹਨ : ਅਖਰ, ਲਗਾਂ ਅਤੇ ਲਗਾਖਰ। ਇਹਨਾਂ ਤਿੰਨਾਂ ਦੀ ਆਪੋ ਆਪਣੀ ਨਿਸਚਿਤ ਧੁਨੀ ਹੈ। ਉਚਾਰਨ ਕਰਨ ਲਗਿਆਂ ਇਹਨਾਂ ਤਿੰਨਾਂ ਵਿਚੋਂ ਕਿਸੇ ਦੀ ਵੀ ਧੁਨੀ ਨੂੰ ਅਣਗੌਲਿਆ ਕਰਨਾ ਸਿਧਾਂਤਕ ਤੌਰ ਤੇ ਗ਼ਲਤ ਹੈ।

(੨) ਉਚਾਰਨ ਸੰਬੰਧੀ ਮੁੱਢਲਾ ਅਤੇ ਪ੍ਰਮਾਣੀਕ ਅਸੂਲ ਹੈ–ਜੇਹਾ ਲਿਖਿਐ ਤੇਹਾ ਬੋਲੋ–ਇਸ ਪ੍ਰਮਾਣੀਕ ਅਸੂਲ ਦੀ ਕਸਵੱਟੀ ਤੇ ਪਰਖਿਆਂ ਜਿਹੜੇ ਉਚਾਰਨ ਵਿਚ ਮਨ-ਮਰਜ਼ੀ ਨਾਲ ਲਿਖਤ ਵਿਚੋਂ ਕੁਝ ਛਡ ਦਿਤਾ ਜਾਵੇ, ਅਜਿਹਾ ਉਚਾਰਨ ਸ਼ੁਧ ਨਹੀਂ ਕਿਹਾ ਜਾ ਸਕਦਾ।

ਗੁਰਬਾਣੀ ਦੀ ਪੰਗਤੀ "ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਹੋਇ" ॥੧੯॥ (੧੪੧੨) ਵਿਚ 'ਸਹ' ਸ਼ਬਦ ਦਾ ਅੰਤਲਾ 'ਹ' ਇਕ ਵਾਰੀ ਮੁਕਤਾ ਹੈ ਅਤੇ ਦੂਜੀ ਵਾਰ ਔਂਕੜ ਸਹਿਤ। ਜੇ ਦੋਹੀਂ ਥਾਈਂ ਸ਼ਬਦ ਦੀ ਬਣਤਰ ਫ਼ਰਕੋ ਫ਼ਰਕੀ ਹੈ ਤਾਂ ਉਚਾਰਨ ਇਕਸਾਰ ਕਿਵੇਂ ਹੋ ਸਕਦਾ ਹੈ ?

(੩) ਗੁਰਬਾਣੀ ਦੀ ਲਿਖਤ ਵਿਚ ਕੇਵਲ ਇਹ ਦੋ ਹ੍ਰਸਵ-ਸੂਰ ਹੀ ਕਾਰਕ-ਚਿੰਨ੍ਹ ਵਜੋਂ ਨਹੀਂ ਵਰਤੀਂਦੇ, ਸਗੋਂ ਕਈ ਹੋਰ ਵੀ ਅਜਿਹੇ ਕਾਰਕ ਚਿੰਨ੍ਹ ਹਨ ਜੋ ਸ਼ਬਦਾਂ ਦੇ ਅੰਤਲੇ ਅਖਰਾਂ ਨਾਲ ਸੰਮਿਲਤ ਹੋ ਕੇ ਆਉਂਦੇ ਹਨ; ਜਿਵੇਂ :–

| ਨਾਂਵ-ਸ਼ਬਦ ਦਾ ਮੂਲ ਰੂਪ | ਕਾਰਕ-ਚਿੰਨ੍ਹ ਸੰਮਿਲਤ ਰੂਪ | ਕਾਰਕ-ਚਿੰਨ੍ਹ | ਕਾਰਕ ਚਿੰਨ੍ਹ ਦੀ ਵਿਆਕਰਣਿਕ ਵਿਸ਼ੇਸ਼ਤਾ |
|---|---|---|---|
| ੧. ਮਨ | ਮਨੁ | ੁ | ਇਕ-ਵਚਨ ਦਾ ਲਖਾਇਕ, ਕਰਤਾ ਕਾਰਕ ਅਤੇ ਕਰਮ ਕਾਰਕ ਦਾ ਸਾਧਾਰਨ ਰੂਪ। |
| ੨. ਮਨ | ਮਨਿ | ਿ | ਮਨ ਨੇ (ਕਰਤਾ), ਮਨ ਕਰਕੇ (ਕਰਣ), ਮਨ ਵਿਚ (ਅਧਿਕਰਣ), ਮਨ ਤੋਂ (ਅਪਾਦਾਨ ਕਾਰਕ)। |
| ੩. ਮਨ | ਮਨੈ | ੈ | ਮਨ ਨੂੰ (ਕਰਮ, ਸੰਪ੍ਰਦਾਨ), ਮਨ ਦਾ (ਸੰਬੰਧ ਕਾਰਕ)। |
| ੪. ਮਨ | ਮਨੇ | ੇ | ਉਪਰਲੇ ਨੰ: ੨ ਵਾਂਗ। |
| ੫. ਮਨ | ਮਨਹੁ | ਹੁ | ਮਨ ਤੋਂ (ਅਪਾਦਾਨ ਕਾਰਕ)। |
| ੬. ਸਿਖ | ਸਿਖਾ | ਾ | ਕਰਤਾ ਕਾਰਕ, ਬਹੁ-ਵਚਨ ਦਾ ਸਾਧਾਰਨ ਰੂਪ। |
| ੭. ਸਿਖ | ਸਿਖਾਂ | ਾਂ | ਸਿਖਾਂ ਨੇ (ਕਰਤਾ), ਸਿਖਾਂ ਨੂੰ (ਕਰਮ), ਸਿਖਾਂ ਦਾ (ਸੰਬੰਧ ਕਾਰਕ)। |
| ੮. ਮੁਹ | ਮੁਹੋ | ੋ | ਮੂਹ ਤੋਂ (ਅਪਾਦਾਨ ਕਾਰਕ)। |
| ੯. ਪੰਡਿਤ | ਪੰਡਿਤੀਂ | ੀਂ | ਪੰਡਿਤਾਂ ਨੇ (ਕਰਤਾ), ਪੰਡਿਤਾਂ ਵਾਸਤੇ (ਸੰਪ੍ਰਦਾਨ), ਪੰਡਿਤਾਂ ਦਾ (ਸੰਬੰਧ ਕਾਰਕ)। |

ਸੁਤੇ ਹੀ ਸਵਾਲ ਉਠਦਾ ਹੈ ਕਿ ਜੇਕਰ ਨਾਂਵ-ਸ਼ਬਦਾਂ ਦੇ ਅੰਤਲੇ ਅਖਰਾਂ ਨੂੰ ਕਾਰਕ ਰੂਪ ਵਿਚ ਲਗੀਆਂ ਬਾਕੀ ਲਗਾਂ ਮਾਤ੍ਰਾਂ ਉਚਾਰਨ ਦਾ ਭਾਗ ਬਣਦੀਆਂ ਹਨ ਤਾਂ ਕੇਵਲ ਦੋ ਹ੍ਰਸਵ ਸੂਰ ਉਚਾਰਨ ਦਾ ਹਿੱਸਾ ਕਿਉਂ ਨਾ ਬਣਨ ? ਕੇਵਲ ਇਸ ਲਈ ਕਿ ਇਹਨਾਂ ਦੇ ਉਚਾਰਨ ਦੀ ਸਾਨੂੰ ਜਾਚ ਨਹੀਂ। ਆਪਣੀ ਮਜਬੂਰੀ ਜਾਂ ਬੇ-ਵਸੀ ਨੂੰ ਨਿਯਮ ਬਣਾ ਲੈਣਾ ਉਚਿਤ ਨਹੀਂ।

(੪) ਪੰਜਾਬੀ ਬੋਲੀ ਦੇ ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅੰਤ ਵਿਚ ਵਿਅੰਜਨ ਅਖਰ 'ਹ' ਆਉਂਦਾ ਹੈ। ਇਹ ਸ਼ਬਦ ਨਾਂਵ ਵੀ ਹਨ, ਪੜਨਾਂਵ ਵੀ ਅਤੇ ਕ੍ਰਿਅ-ਮੂਲ (ਧਾਤੂ) ਵੀ; ਜਿਵੇਂ–

| ਨਾਂਵ | ਪੜਨਾਂਵ/ਪੜਨਾਂਵੀ ਵਿਸ਼ੇਸ਼ਣ | ਕਿਰਿਆ-ਮੂਲ |
|---|---|---|
| ਮੁਹ, ਨੇਹ, ਅਲਹ, ਸਹ | ਇਹ, ਕਿਹ | ਕਹ, ਲਹ, ਸਹ, ਬਹ, ਰਹ |



www.AKJ.Org

ਉਪ੍ਰੋਕਤ ਵਖ ਵਖ ਸ਼੍ਰੇਣੀਆਂ ਦੇ ਸ਼ਬਦਾਂ ਦੇ ਅੰਤਲੇ ਅਖਰ 'ਹ' ਨੂੰ ਵਖ ਵਖ ਹਾਲਤਾਂ ਵਿਚ ਹ੍ਰਸਵ-ਸ੍ਵਰ ( ੁ ) ਅਤੇ ( ਿ ) ਲਗਦੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :–

| ਨਾਂਵ | | | ਪੜਨਾਂਵ/ਪੜਨਾਂਵੀ ਵਿਸ਼ੇਸ਼ਣ | | | ਕਿਰਿਆ | | |
|---|---|---|---|---|---|---|---|---|
| ਮੂਲ ਸ਼ਬਦ | ਇਕ-ਵਚਨ ਸਾਧਾਰਨ ਰੂਪ | ਇਕ-ਵਚਨ ਸੰਬੰਧਕੀ ਰੂਪ | ਮੂਲ ਸ਼ਬਦ | ਇਕ-ਵਚਨ | ਬਹੁ-ਵਚਨ | ਕ੍ਰਿਆ-ਮੂਲਕਾਰ | ਦੰਤਕ ਅਤੇ ਭਵਿਖਤ | ਹੁਕਮੀ ਮਧਮ ਪੁਰਖ ਕਿਰਿਆ |
| ਮੁਹ | ਮੁਹੁ | ਮੁਹਿ | ਇਹ | ਇਹੁ | ਇਹਿ | ਕਹ | ਕਹਿ | ਕਹੁ |
| ਅਲਹ | ਅਲਹੁ | ਅਲਹਿ | ਕਿਹ | ਕਿਹੁ | – | ਲਹ | ਲਹਿ | ਲਹੁ |
| ਨੇਹ | ਨੇਹੁ | ਨੇਹਿ | – | – | – | ਦੇਹ | ਦੇਹਿ | ਦੇਹੁ |
| ਸਹ | ਸਹੁ | ਸਹਿ | | | | ਸਹ | ਸਹਿ | ਸਹੁ |

ਅੰਤਲੇ ਹ੍ਰਸਵ-ਸ੍ਵਰਾਂ ਦੇ ਉਚਾਰਨ ਨੂੰ ਛਡਣ ਦੇ ਮੁਦੱਈ ਵੀਰ ਉਪ੍ਰੋਕਤ ਸ਼੍ਰੇਣੀਆਂ ਦੇ ਸ਼ਬਦਾਂ ਵਿਚੋਂ ਕਿਰਿਆ ਨੂੰ ਲਗੇ ਦੋਹਾਂ ਹ੍ਰਸਵ-ਸ੍ਵਰਾਂ ਦਾ ਉਚਾਰਨ ਤਾਂ ਕਰਦੇ ਹਨ, ਪਰ ਨਾਂਵ ਅਤੇ ਪੜਨਾਂਵ ਸ਼ਬਦਾਂ ਨੂੰ ਲਗੇ ਇਹਨਾਂ ਹ੍ਰਸਵ-ਸ੍ਵਰਾਂ ਨੂੰ ਨਹੀਂ ਉਠਾਂਦੇ। ਉਚਾਰਨ ਦੇ ਸਿਲਸਿਲੇ ਵਿਚ ਅਜਿਹਾ ਦੋਗਲਾ ਮਾਪ-ਦੰਡ ( Double Standard ) ਕਿਉਂ ? ਜੇ ( ੁ ) ਅਤੇ ( ਿ ) ਇਹਨਾਂ ਦੋਹਾਂ ਹ੍ਰਸਵ-ਸ੍ਵਰਾਂ ਦਾ ਉਚਾਰਨ ਕਿਰਿਆ-ਸ਼ਬਦਾਂ ਵਿਚ ਸੰਭਵ ਹੈ ਤਾਂ ਨਾਂਵ ਅਤੇ ਪੜਨਾਂਵ ਸ਼ਬਦਾਂ ਵਿਚ ਵੀ ਅਵੱਸ਼ ਸੰਭਵ ਹੈ।

(੫) ਪੁਰਾਤਨ ਤਕਰੀਬਨ ਸਾਰੀਆਂ ਹੀ ਭਾਰਤੀ ਭਾਸ਼ਾਵਾਂ ਸੰਜੋਗਾਤਮਿਕ ਸਨ, ਜਿਨ੍ਹਾਂ ਦੇ ਬਹੁਤੇ ਸ਼ਬਦਾਂ ਦੇ ਅੰਤ ਵਿਚ ਹ੍ਰਸਵ-ਸ੍ਵਰ ਲਗਦੇ ਸਨ। ਪੁਰਾਤਨ ਭਾਸ਼ਾ-ਵਿਗਿਆਨੀ ਇਹਨਾਂ ਹ੍ਰਸਵ-ਸ੍ਵਰਾਂ ਦੇ ਉਚਾਰਨ ਦੀ ਪੂਰੀ ਪ੍ਰਬੀਨਤਾ ਰਖਦੇ ਸਨ ਅਤੇ ਹੁਣ ਵੀ ਸੰਸਕ੍ਰਿਤ ਦੇ ਕੁਝ ਵਿਦਵਾਨ ਵੇਦ-ਮੰਤਰਾਂ ਦਾ ਉਚਾਰਨ ਕਰਦੇ ਸਮੇਂ ਹ੍ਰਸਵ-ਸ੍ਵਰਾਂ ਦਾ ਉਚਾਰਨ ਪੂਰੀ ਪ੍ਰਬੀਨਤਾ ਨਾਲ ਉਠਾਂਦੇ ਸੁਣੀਦੇ ਹਨ। ਉਚਾਰਨ ਦੀ ਕਠਿਨਤਾਈ ਨੂੰ ਮੁਖ ਰਖਦਿਆਂ ਨਵੀਨ ਪੰਜਾਬੀ ਸਾਹਿਤ ਵਿਚ ਅੰਤਲੇ ਹ੍ਰਸਵ-ਸ੍ਵਰਾਂ ਦੀ ਵਰਤੋਂ ਬੰਦ ਕਰ ਦਿਤੀ ਗਈ ਹੈ, ਪਰ ਗੁਰਬਾਣੀ ਦੇ ਪ੍ਰੇਮੀਆਂ ਤੇ ਸ਼ਰਧਾਵਾਨਾਂ ਨੂੰ ਗੁਰਬਾਣੀ ਵਿਚ ਵਰਤੇ ਗਏ ਇਹਨਾਂ ਸ੍ਵਰਾਂ ਦੀ ਠੀਕ ਠੀਕ ਧੁਨੀ ਸਿਖਣ ਅਤੇ ਇਹਨਾਂ ਦੇ ਉਚਾਰਨ ਦੀ ਮੁਹਾਰਤ ਪ੍ਰਾਪਤ ਕਰਨੀ ਬਣਦੀ ਹੈ। ਇਹ ਕਾਹਦੀ ਸਿਆਣਪ ਹੋਈ ਕਿ ਜੇ ਕਿਸੇ ਸ੍ਵਰ ਦੇ ਉਚਾਰਨ ਵਿਚ ਕਠਨਾਈ ਅਨੁਭਵ ਹੋਈ ਹੈ ਤਾਂ ਉਸ ਨੂੰ ਮੂਲੋਂ ਹੀ ਛਡ ਦਿਤਾ ਜਾਵੇ।

(੬) ਜੇ ਕਰ ਆਮ ਪਾਠੀਆਂ ਪਾਸੋਂ ਹ੍ਰਸਵ-ਸ੍ਵਰਾਂ ( ੁ ਅਤੇ ਿ ) ਦੀਆਂ ਲਘੂ ਧੁਨੀਆਂ ਦਾ ਉਚਾਰਨ ਕਰਮਵਾਰ ਹੋੜੇ ਅਤੇ ਲਾਂ ਦੀ ਧੁਨੀ ਵਲ ਉਲਾਰ ਹੋ ਜਾਂਦਾ ਹੈ ਤਾਂ ਇਸ ਦਾ ਇਹ ਹਲ ਨਹੀਂ ਕਿ ( ੁ ) ਅਤੇ ( ਿ ) ਦੀ ਹ੍ਰਸਵ-ਧੁਨੀ ਤੋਂ ਮੁਨਕਰ ਹੋ ਕੇ ਇਹਨਾਂ ਨੂੰ ਮੂਲੋਂ ਹੀ ਛਡ ਦਿਤਾ ਜਾਵੇ, ਸਗੋਂ ਸਹੀ ਹਲ ਇਹ ਹੈ ਕਿ ਇਹਨਾਂ ਦੀ ਨਿਸਚਿਤ ਧੁਨੀ ਦਾ ਗਿਆਨ ਪ੍ਰਾਪਤ ਕਰ ਕੇ ਉਸਦੇ ਉਚਾਰਨ ਦਾ ਅਭਿਆਸ ਕੀਤਾ ਜਾਵੇ।

(੭) ਜਿਹੜੇ ਕੱਟੜ-ਪੰਥੀ ਵੀਰ ਨਾਮੋ, ਨਿਧਾਨੋ, ਮਨੋ, ਤਨੋ, ਰੈਣੇ, ਨੈਣੇ, ਸੰਗੇ, ਧੂਰੇ ਸ਼ਬਦ-ਸਰੂਪਾਂ ਨੂੰ ਬੇਢਬੀ ਬਣਤਰ ਅਥਵਾ ਸਾਹਿਤਕ ਬਿਗਾੜ ਵਾਲੇ ਦਸ ਕੇ ਅਜਿਹੀ ਬਣਤਰ ਦਾ ਮਖੌਲ ਉਡਾਂਦੇ ਤੇ ਹ੍ਰਸਵ-ਸ੍ਵਰ ( ੁ ) ਅਤੇ ( ਿ ) ਨੂੰ ਮੂਲੋਂ ਛਡਣ ਦਾ ਪ੍ਰਚਾਰ ਕਰਦੇ ਹਨ, ਉਹਨਾਂ ਦੀ ਗਿਆਤ ਲਈ ਗੁਰਬਾਣੀ ਵਿਚ ਵਰਤੇ ਅਜਿਹੇ ਸ਼ਬਦਾਂ ਦੀਆਂ ਉਦਾਹਰਨਾਂ ਥਲੇ ਦਿਤੀਆਂ ਜਾਂਦੀਆਂ ਹਨ। ਅਜਿਹਾ ਕਰਨ ਦਾ ਪ੍ਰਯੋਜਨ ਕੇਵਲ ਇਹ ਹੈ ਕਿ ( ੁ ) ਅਤੇ ( ਿ ) ਦੋਹਾਂ ਹ੍ਰਸਵ ਸ੍ਵਰਾਂ ਦੀ ਨਿਸਚਿਤ ਲਘੂ ਧੁਨੀ ਹੈ ਅਤੇ ਇਹ ਲਘੂ ਧੁਨੀ ਕਾਵਿ-ਪ੍ਰਬੰਧ ਅਧੀਨ ਲਮਕ ਕੇ ਕਿਧਰੇ ਕਿਧਰੇ ਹੋੜਾ ( ੋ ) ਅਤੇ ਲਾਂ ( ੇ ) ਵਿਚ ਵਟੀਜ ਜਾਂਦੀ ਹੈ, ਜੋ ਸਾਹਿਤਕ ਬਿਗਾੜ ਨਹੀਂ, ਸਗੋਂ ਸਾਹਿਤਕ ਵਿਲੱਖਣਤਾ, ਵਿਸ਼ੇਸ਼ਤਾ ਅਤੇ ਸਾਹਿਤਕ ਸੁਹਜ ਸੁਆਦ ਹੈ:–

**( ੁ ) ਦੀ ਥਾਵੇਂ ( ੋ ) ਦੀ ਵਰਤੋਂ—**

(ੳ) 'ਅਨਦਿਨੋ' ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥੧॥ (੭੭੦)



www.AKJ.Org

(ਅ) ਗੁਰਮੁਖਿ ਰੰਗੁ ਚਲੂਲਿਆ ਮੇਰਾ ਮਨੁ 'ਤਨੋ' ਭਿੰਨਾ ॥੧॥ (੪੪੮)
(ੲ) ਗੁਰੁ 'ਸਾਗਰੋ' ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥੩॥ (੪੩੭)
(ਸ) ਹਰਿ ਕਾ ਨਾਮੁ 'ਨਿਧਾਨੋ' ਪਾਇਆ ਸੁਖੁ ਵਸਿਆ ਮਨਿ ਆਏ ॥੩॥੧੧॥ (੧੧੩੦)
(ਹ) ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ 'ਨਿਰੰਜਨੋ' ॥੧॥ (੮੪੭)
(ਕ) ਗਾਉ 'ਮੰਗਲੋ' ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥੪॥੨॥੫॥ (੭੮੦)
(ਖ) ਸਾਹਾ ਅਟਲੁ ਗਣਿਆ ਪੂਰਨ 'ਸੰਜੋਗੋ' ਰਾਮ ॥
ਸੁਖਹ ਸਮੂਹ ਭਇਆ ਗਇਆ 'ਵਿਜੋਗੋ' ਰਾਮ ॥ (੮੪੫-੪੬)
(ਗ) ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ 'ਸੋਹਾਗੋ' ਰਾਮ ॥੧॥ (੮੪੮)
(ਘ) ਗੁਣਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ 'ਹਭੋ' ਕਿਛੁ ਸੁਹੰਦਾ ॥੩॥੧॥ (੭੦੪)
(ਙ) ਸਚੁ 'ਸਾਹਿਬੋ' ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥੧॥ (੪੩੭)

(ੳ) ਅਨਦਿਨੁ ਤੋਂ ਅਨਦਿਨੋ (ਅ) ਤਨੁ ਤੋਂ ਤਨੋ (ੲ) ਸਾਗਰੁ ਤੋਂ ਸਾਗਰੋ
(ਸ) ਨਿਧਾਨੁ ਤੋਂ ਨਿਧਾਨੋ (ਹ) ਨਿਰੰਜਨੁ ਤੋਂ ਨਿਰੰਜਨੋ (ਕ) ਮੰਗਲੁ ਤੋਂ ਮੰਗਲੋ
(ਖ) ਸੰਜੋਗੁ ਤੋਂ ਸੰਜੋਗੋ (ਖ) ਵਿਜੋਗੁ ਤੋਂ ਵਿਜੋਗੋ (ਗ) ਸੋਹਾਗੁ ਤੋਂ ਸੋਹਾਗੋ
(ਘ) ਹਭੁ ਤੋਂ ਹਭੋ (ਙ) ਸਾਹਿਬੁ ਤੋਂ ਸਾਹਿਬੋ

**( ਿ ) ਦੀ ਥਾਵੇਂ ( ੇ ) ਦੀ ਵਰਤੋਂ—**

(ੳ) ਸਫਲਾ ਸੁ ਦਿਨਸੁ 'ਰੈਣੇ' ਸੁਹਾਵੀ ਅਨਦ ਮੰਗਲ ਰਸੁ ਘਨਾ ॥੪॥੨॥ (੫੪੩)
(ਅ ਅਜੈ ਸੁ ਚੋਭ ਕਉ ਬਿਲਲ ਬਿਲਾਤੇ 'ਨਰਕੇ' ਘੋਰ ਪਚਾਹੀ ॥੪॥੩॥ (੯੯੯)
(ੲ) ਨ ਜਾਣਾ 'ਹਰੇ' ਮੇਰੀ ਕਵਨ 'ਗਤੇ' ॥
ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ 'ਪਤੇ' ॥੧॥ਰਹਾਉ॥ (੮੭੬)
(ਸ) ਮੁਖਿ ਪਰੈ ਹਰੇ ਪਿਆਸ ਮੇਰੀ ਜੀਅ ਹੀਆ 'ਪ੍ਰਾਨ ਪਤੇ' ॥੪॥ (੮੪੭)
(ਹ) ਲਾਇ ਬਿਰਹੁ ਭਗਵੰਤ 'ਸੰਗੇ' ਹੋਇ ਮਿਲੁ ਬੈਰਾਗਨਿ ਰਾਮ ॥੪॥੧॥੪॥ (੮੪੮)
(ਕ) ਗੁਨ ਗੋਵਿਦ ਸਦ ਗਾਈਅਹਿ ਪਾਰਬ੍ਰਹਮ ਕੈ 'ਰੰਗੇ' ਰਾਮ ॥੧॥ (੮੪੮)
(ਖ) ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੂਖਿ ਬਿਹਾਨੀ 'ਰਾਤੇ' ॥੨॥੩॥੨੬॥ (੧੨੦੯)

(ੳ) ਰੈਣਿ ਤੋਂ ਰੈਣੇ (ਅ) ਨਰਕਿ ਤੋਂ ਨਰਕੇ (ੲ) ਹਰਿ ਤੋਂ ਹਰੇ, ਗਤਿ ਤੋਂ ਗਤੇ, ਪਤਿ ਤੋਂ ਪਤੇ
(ਸ) ਪ੍ਰਾਨਪਤਿ ਤੋਂ ਪ੍ਰਾਨਪਤੇ (ਹ) ਸੰਗਿ ਤੋਂ ਸੰਗੇ (ਕ) ਰੰਗਿ ਤੋਂ ਰੰਗੇ (ਖ) ਰਾਤਿ ਤੋਂ ਰਾਤੇ

ਗੁਰਬਾਣੀ ਵਿਚ ਕਈ ਥਾਵੇਂ ਇਕੋ ਪੰਗਤੀ ਵਿਚ ਹੀ ਕੋਈ ਸ਼ਬਦ ਇਕ ਵਾਰੀ ਹ੍ਰਸਵ ਸੁਰ ( ੁ ) ਜਾਂ ( ਿ ) ਸਹਿਤ ਵਰਤਿਆ ਹੋਇਆ ਹੈ ਅਤੇ ਦੂਜੀ ਵਾਰੀ ( ੋ ) ਜਾਂ ਲਾਂ ( ੇ ) ਸਹਿਤ, ਜਿਵੇਂ :—

**( ੁ ) ਅਤੇ ( ੋ ) ਸਹਿਤ—**

(ੳ) 'ਜੀਵਨੋ' ਮੈ 'ਜੀਵਨੁ' ਪਾਇਆ ਗੁਰਮੁਖਿ ਭਾਏ ਰਾਮ ॥
ਹਰਿ 'ਨਾਮੋ' ਹਰਿ 'ਨਾਮੁ' ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥ (੪੪੨)
(ਅ) ਮੇਰਾ 'ਮਨੋ' ਮੇਰਾ 'ਮਨੁ' ਰਾਤਾ ਰਾਮ ਪਿਆਰੇ ਰਾਮ ॥੧॥ (੪੩੭)
(ੲ) ਹਉ 'ਬਨੁ' 'ਬਨੋ' ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥੩॥ (੪੩੭)
(ਸ) 'ਮਰਨੋ' 'ਮਰਨੁ' ਕਹੈ ਸਭੁ ਕੋਈ ॥੨॥੨੦॥ (੩੨੭)
(ਹ) ਏਹੁ ਸੋਹਿਲਾ 'ਸਬਦੁ' ਸੁਹਾਵਾ ॥
'ਸਬਦੋ' ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥੧੬॥(੯੧੯)



www.AKJ.Org

(ਕ) 'ਅਮੁਲੋ' 'ਅਮੁਲੁ' ਆਖਿਆ ਨ ਜਾਇ ॥ 'ਅਮੁਲੁ' ਭਾਇ 'ਅਮੁਲਾ' ਸਮਾਇ ॥੨੬॥

(ੳ) ਜੀਵਨੋ, ਜੀਵਨੁ, ਨਾਮੋ ਨਾਮੁ (ਅ) ਮਨੋ ਮਨੁ (ੲ) ਬਨੁ ਬਨੋ

(ਸ) ਮਰਨੋ ਮਰਨੁ (ਹ) ਸਬਦੁ ਸਬਦੋ (ਕ) ਅਮੁਲੋ ਅਮੁਲੁ

( ਿ ) ਅਤੇ ( ੇ ) ਸਹਿਤ—

(ੳ) ਪਾਪੀ ਕਰਮ ਕਮਾਵਦੇ ਕਰਦੇ 'ਹਾਏ' 'ਹਾਇ' ॥੯॥ (੧੪੨੫)

(ਅ) ਏਤੁ 'ਮੋਹਿ' ਫਿਰਿ ਜੂਨੀ ਪਾਹਿ ॥ 'ਮੋਹੇ' ਲਾਗਾ ਜਮਪੁਰਿ ਜਾਹਿ ॥੪॥੨੩॥ (੩੫੬)

(ੲ) 'ਆਪੇ' 'ਆਪਿ' ਨਿਰੰਜਨੁ ਸੋਇ ॥੫॥ (੨)

(ੳ) ਹਾਏ ਹਾਇ (ਅ) ਮੋਹਿ ਮੋਹੇ (ੲ) ਆਪੇ ਆਪਿ

ਉਪਰੋਕਤ ਉਦਾਹਰਨਾਂ ਇਹ ਤੱਥ ਸਪੱਸ਼ਟ ਕਰਨ ਲਈ ਦਿਤੀਆਂ ਗਈਆਂ ਹਨ ਕਿ ( ੁ ) ਅਤੇ ( ਿ ); ਇਹਨਾਂ ਦੋਹਾਂ ਹ੍ਰਸਵ-ਸੂਰਾਂ ਦੀ ਆਪੋ ਆਪਣੀ ਧੁਨੀ ਹੈ ਤੇ ਇਹਨਾਂ ਦੀ ਲਘੂ-ਧੁਨੀ ਕਾਵਿ-ਪ੍ਰਬੰਧ ਅਧੀਨ ਕਦੇ ਕਦੇ ਦੀਰਘ ਹੋ ਕੇ ਕਰਮਵਾਰ ( ੋ ) ਅਤੇ ( ੇ ) ਵਿਚ ਬਦਲ ਜਾਂਦੀ ਹੈ। ਲਘੂ ਲਗ ਦੀ ਆਪਣੀ ਧੁਨੀ ਹੈ ਅਤੇ ਦੀਰਘ ਲਗ ਦੀ ਆਪਣੀ, ਦੋਹਾਂ ਦਾ ਉਚਾਰਨ ਵੀ ਫ਼ਰਕੋ ਫ਼ਰਕੀ ਹੈ। ਇਹ ਆਖਣਾ ਕਿ ( ੁ ) ਅਤੇ ( ਿ ) ਦੀ ਧੁਨੀ ਹੈ ਹੀ ਨਹੀਂ, ਕਬੂਤਰ ਦੇ ਆਪਣੀ ਅੱਖ ਮੀਟ ਕੇ ਬਿੱਲੀ ਦੀ ਅਣਹੋਂਦ ਮੰਨਣ ਵਾਂਗ ਹੈ। ਉਚਾਰਨ ਵਿਚ ਇਹਨਾਂ ਹ੍ਰਸਵ-ਸੂਰਾਂ ਦੀ ਧੁਨੀ ਦਾ ਉਲਾਰ ਵੀ ਠੀਕ ਨਹੀਂ, ਪਰ ਇਹਨਾਂ ਦੀ ਧੁਨੀ ਨੂੰ ਅਣ-ਗੌਲਿਆ ਕਰਨਾ ਵੀ ਦਰੁਸਤ ਨਹੀਂ। ਇਹਨਾਂ ਦੀ ਧੁਨੀ ਦਾ ਸਹੀ ਉਚਾਰਨ ਹੋਣਾ ਚਾਹੀਦਾ ਹੈ। ਇਸ ਦੀ ਜਾਣਕਾਰੀ ਅਤੇ ਅਭਿਆਸ ਦੀ ਲੋੜ ਹੈ, ਜਿਸ ਵਲ ਗੁਰਬਾਣੀ ਦੇ ਪ੍ਰੇਮੀਆਂ ਨੂੰ ਧਿਆਨ ਦੇਣਾ ਚਾਹੀਦਾ ਹੈ।

# ਅਨਿਆਇ ਕਟਣ ਲਈ ਖਾਲਸਾ ਸ਼ਸਤ੍ਰਧਾਰੀ ਬਣਦਾ ਹੈ

ਜਦ ਉਧਰੇ ਹੋਏ ਲੋਕ ਦੂਸਰਿਆਂ ਨੂੰ ਉਧਾਰਦੇ ਹਨ, ਤਦ ਲੋਕ ਈਰਖਾ ਕਰਦੇ ਹਨ। ਉਹ ਬੇਪ੍ਰਵਾਹ ਆਪਣੇ ਰੰਗ ਟੁਰਦੇ ਹਨ। ਨਿਰਵੈਰ ਹੁੰਦੇ ਹਨ, ਪਰ ਲੋਕੀ ਉਨ੍ਹਾਂ ਨੂੰ ਤੰਗ ਕਰਦੇ ਹਨ, ਉਹ ਸਹਾਰਦੇ ਹਨ। ਇਨ੍ਹਾਂ ਲੋਕਾਂ ਦੇ ਸੱਚੇ ਸੁੱਚੇ ਤੇ ਪਵਿਤਰ ਜੀਵਨ "ਸੱਚੀ ਜ਼ਿੰਦਗੀ" ਦਿਖਾ ਦੇ ਦੇ ਹਨ। ਫੇਰ ਪੁਰਾਣੇ ਮਰ ਚੁਕੇ ਧਰਮ ਦੇ ਆਗੂ, ਮੁਰਦਾ ਪੁਜਾਰੀ ਤੇ ਪੂਜਾ ਦੇ ਧਨ 'ਤੇ ਪਲ ਰਹੇ ਲੋਕੀ, ਜਿਨ੍ਹਾਂ ਵਿਚ ਧਰਮ ਦੀ ਆਂਚ ਮਰ ਚੁਕੀ ਹੁੰਦੀ ਹੈ, ਘਬਰਾਂਦੇ ਹਨ ਕਿਉਂਕਿ ਲੋਕਾਂ ਦੀ ਸ਼ਰਧਾ ਇਨ੍ਹਾਂ ਦੀ ਮੁਰਦਾ-ਪ੍ਰਸਤੀ ਤੋਂ ਹੱਟ ਕੇ ਜੀਉ ਦੀ ਜ਼ਿੰਦਗੀ ਵਲ ਪਲਟਾ ਖਾਂਦੀ ਹੈ, ਇਹ ਫੇਰ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਨ੍ਹਾਂ ਦੀ ਈਰਖਾ ਦੀ ਪੇਸ਼ ਨਹੀਂ ਜਾਂਦੀ, ਫੇਰ ਇਹ ਵਕਤ ਦੇ ਹਾਕਮਾਂ ਨੂੰ ਕੋਈ ਨਾ ਕੋਈ ਬੁੱਤਾ ਧੋਖਾ, ਲਾਲਚ ਦੇ ਕੇ ਨਾਲ ਰਲਾਂਦੇ ਹਨ। ਰਾਜਾ ਨਾਲ ਨਾ ਰਲੇ ਤਾਂ ਰਾਜਾ ਨੂੰ ਰਾਜ-ਭੈ ਦਸਦੇ ਹਨ ਕਿ ਇਹ ਲੋਕ ਬਹੁਤ ਹੋ ਗਏ ਹਨ, ਆਪੋ ਵਿਚ ਏਕੇ ਵਾਲੇ ਹਨ, ਐਸਾ ਨਾ ਹੋਵੇ ਕੋਈ ਰਾਜ-ਉਪੱਦ੍ਰਵ ਕਰ ਦੇਣ। ਇਸ ਤਰ੍ਹਾਂ ਫੇਰ ਰਾਜਾ ਉਨ੍ਹਾਂ ਜੀਉ ਦਿਆਂ ਲੋਕਾਂ ਪਰ ਸਖ਼ਤੀ ਕਰਦਾ ਹੈ। ਉਹ ਉਤਰ ਨਹੀਂ ਦੇਂਦੇ, ਝਲਦੇ ਝਲਦੇ ਮਰ ਮਿਟਦੇ ਹਨ। ਐਉਂ ਜੋਤਿ ਜਗ ਜਗ ਕੇ ਬੁਝਦੀ ਹੈ, ਫੇਰ ਜਗਦੀ ਹੈ, ਫੇਰ ਬੁਝਦੀ ਹੈ। ਖਾਲਸੇ ਦੇ ਖ਼ਿਆਲ ਵਿਚ ਖਾਲਸੇ ਦੇ ਆਦਰਸ਼ ਵਿਚ ਇਹ ਗੱਲ ਹੁਣ ਹੋਰਵੇਂ ਹੈ। ਉਹ ਇਉਂ ਹੈ ਕਿ ਜਦ ਜੋਤਿ ਅੰਦਰ ਜਗ ਪਈ ਤਦ ਹੋਰਨਾਂ ਅੰਦਰ ਜੋਤਿ ਜਗਾ ਕੇ ਉਨ੍ਹਾਂ ਨੂੰ ਖਾਲਸੇ ਬਣਾਨਾ ਹੈ ਤੇ ਇਸ ਕੰਮ ਵਿਚ ਉਤਸ਼ਾਹ ਤੇ ਉਮਾਹ ਅੰਦਰਲਾ ਰੱਬੀ ਪਿਆਰ ਵਾਲਾ ਹੋਣਾ ਹੈ। ਜਦੋਂ ਰੋਕਾਂ ਪੈਣ, ਜ਼ੁਲਮ ਹੋਵੇ, ਤਦ ਨਿਰਵੈਰ ਰਹਿਣਾ ਹੈ; ਪਰ ਨਿਰਵੈਰ ਰਹਿਣ ਲਈ ਜੰਗਲਾਂ ਵਿਚ ਲੁਕਣਾ ਨਹੀਂ, ਭੱਜ ਨਹੀਂ ਜਾਣਾ,ਸਗੋਂ ਨਾਲ ਨਿਰਭਉ' ਰਹਿਣਾ ਹੈ। ਭੈ ਨਹੀਂ ਮੰਨਿਣਾ। ਭੈ ਦਾ ਸਮਾਂ ਆਵੇ ਤਾਂ ਸੁਰਤਿ ਉਚੀ ਹੋ ਕੇ ਦੁਖ ਝਲੇ। ਜੇ ਭਰਾਵਾਂ (ਜਾਗ ਪਿਆਂ) ਤੇ ਕਸ਼ਟ ਪਏ ਤਾਂ ਇਹ ਸਰੀਰ ਮਿਥਿਆ ਹੈ, ਉਨ੍ਹਾਂ ਦੀ ਰਾਖੀ ਤੇ ਇਹ ਲਾ ਦੇਵੇ। ਇਉਂ ਲੋੜ ਪਏ ਤੇ ਸਰੀਰ ਲਾ ਕੇ ਵੀ 'ਰਖਿਆ ਕਰਨ, ਭਲੇ ਕਰਨ ਦਾ ਉਮਾਹ' ਪਿਆਰ ਤੇ ਜ਼ਿੰਦਗੀ ਦੇ ਹੁਲਾਰੇ ਵਿਚ ਝੂਲੇਗਾ। ਇਹ ਹੁਲਾਰਾ ਹੁਣ ਖਾਲਸੇ ਨੇ ਵਰਤਾਣਾ ਹੈ ਤੇ ਜ਼ੁਲਮ, ਮੂਰਖਤਾ ਤੇ ਅਗਿਆਨ ਦੇ ਅਗੇ ਧਰਮ ਤੇ ਧਰਮੀਆਂ ਨੂੰ ਤਬਾਹ ਨਹੀਂ ਹੋਣ ਦੇਣਾ। ਸੋ, ਇਹ ਆਦਰਸ਼ ਖਾਲਸੇ ਨੂੰ ਅਨਿਆਇ ਦੇ ਧੱਕੇ ਦੇ ਕਟਣ ਵਾਸਤੇ ਸ਼ਮਸ਼ੇਰ-ਧਾਰੀ ਬਣਾਂਦਾ ਹੈ। —ਪ੍ਰੋ: ਪੂਰਨ ਸਿੰਘ ਲਿਖਤ 'ਖੁਲ੍ਹੇ ਘੁੰਡ' ਚੋਂ



www.AKJ.Org

# ਗੁਰੂ ਕੇ ਲੰਗਰ ਵਿਚ ਅੰਮ੍ਰਿਤ ਕਲਾ

[ਸੂਬੇਦਾਰ ਧਰਮ ਸਿੰਘ ਜੀ, ਸੁਜੋਂ ਜ਼ਿਲਾ ਜਲੰਧਰ]

ਦਗ ਦਗ ਕਰਦੇ ਕੋਇਲੇ ਵਿਚੋਂ ਸੇਕ ਨਿਕਲਦਾ ਹੈ, ਨਜ਼ਰ ਨਹੀਂ ਆਉਂਦਾ, ਪਰ ਸੇਕ ਦੇ ਸੰਪਰਕ ਵਿਚ ਆਇਆਂ ਨਿਘ ਮਿਲਦਾ ਹੈ। ਰੇਡੀਅਮ (X- ay-ਐਕਸ-ਰੇ ਵਿਚ ਵਰਤੀ ਜਾਂਦੀ ਇਕ ਧਾਤ) ਵਿਚੋਂ ਐਕਸ-ਰੇ (X-Ray) ਕਿਰਨਾਂ ਨਿਕਲਦੀਆਂ ਹਨ, ਨਜ਼ਰ ਨਹੀਂ ਆਉਂਦੀਆਂ, ਪਰ ਸਰੀਰ ਦੇ ਆਰ ਪਾਰ ਲੰਘ ਕੇ ਫ਼ਿਲਮ ਦੇ ਪਰਦੇ ਤੇ ਸਰੀਰ ਦੀ ਅੰਦਰਲੀ ਹਾਲਤ ਦੀ ਤਸਵੀਰ ਉਕਰ ਦਿੰਦੀਆਂ ਹਨ, ਜਿਸ ਨੂੰ ਅਸੀਂ ਐਕਸ-ਰੇ ਫੋਟੋ ਆਖਦੇ ਹਾਂ। ਮਿਕਨਾਤੀਸ ਜਾਂ ਚੁੰਭਕ (Megnet) ਵਿਚੋਂ ਲਹਿਰਾਂ ਨਿਕਲਦੀਆਂ ਹਨ, ਨਜ਼ਰੀਂ ਨਹੀਂ ਆਉਂਦੀਆਂ, ਪਰ ਲੋਹੇ ਦਾ ਜੋ ਟੁਕੜਾ ਇਨ੍ਹਾਂ ਲਹਿਰਾਂ ਦੇ ਸੰਪਰਕ ਵਿਚ ਆਉਂਦਾ ਹੈ ਉਸ ਨੂੰ ਇਹ ਖਿਚ ਲੈਂਦੀਆਂ ਤੇ ਚੁੰਭਕ ਨਾਲ ਜੋੜ ਦਿੰਦੀਆਂ ਹਨ।

ਉਪਰ ਦਿਤੀਆਂ ਉਦਾਹਰਣਾਂ ਵਾਂਗ ਸਾਡੇ ਮਨ ਵਿਚੋਂ ਖ਼ਿਆਲਾਤ ਦੀਆਂ ਤਰੰਗਾਂ ਉਠਦੀਆਂ ਹਨ। ਇਨ੍ਹਾਂ ਤਰੰਗਾਂ ਦੇ ਸੰਪਰਕ ਵਿਚ ਜੋ ਕੋਈ ਭੀ ਆਉਂਦਾ ਹੈ, ਉਸ ਦੇ ਮਨ ਉਤੇ ਇਹ ਤਰੰਗਾਂ ਆਪਣਾ ਅਸਰ ਪਾਉਂਦੀਆਂ ਹਨ। ਇਹ ਤਰੰਗਾਂ ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ, ਈਰਖਾ, ਬਖ਼ੀਲੀ ਆਦਿ ਮਨਮੁਖੀ ਪਰਭਾਵ ਵਾਲੀਆਂ ਭੀ ਹੋ ਸਕਦੀਆਂ ਹਨ ਤੇ ਪਰੇਮ-ਪਿਆਰ, ਸਤ-ਸੰਤੋਖ, ਸ਼ਰਧਾ ਵੈਰਾਗ, ਪਰਉਪਕਾਰ ਸੇਵਾ ਤੇ ਨਾਮ ਸਿਮਰਨ ਸੰਬੰਧੀ ਗੁਰਮੁਖੀ ਵਿਚਾਰਾ ਦੀਆਂ ਭੀ ਹੋ ਸਕਦੀਆਂ ਹਨ। ਇਹ ਤਰੰਗਾਂ ਭਾਵੇਂ ਮਨਮੁਖੀ ਵਿਚਾਰਾਂ ਦੀਆਂ ਹੋਣ ਤੇ ਭਾਵੇਂ ਗੁਰਮੁਖੀ ਵਿਚਾਰਾਂ ਦੀਆਂ, ਆਪਣੇ ਸੰਪਰਕ ਵਿਚ ਆਏ ਵਿਅਕਤੀ ਦੇ ਮਨ ਤੇ ਆਪਣਾ ਅਸਰ ਜ਼ਰੂਰ ਛਡ ਜਾਂਦੀਆਂ ਹਨ।

ਨਾਮ-ਅਭਿਆਸੀ ਆਤਮ-ਬਿਵਸਥਾ ਦੀਆਂ ਤਰੰਗਾਂ ਦਾ ਪ੍ਰਭਾਵ ਸੰਗੀਆਂ ਸਾਥੀਆਂ ਦੀ ਸੁਰਤੀ ਨੂੰ ਵੀ ਉਚਿਆਂ ਚੁਕਦਾ ਹੈ। ਅੰਦਰਲੇ ਟਿਕਾਅ ਵਾਲੇ ਗੁਰਮੁਖ ਦੀ ਰੰਗ-ਰੰਗੀਜੀ ਅਵਸਥਾ ਕਾਰਨ ਸੰਗਤ ਵਿਚ ਵੀ ਰੰਗ-ਰਸ ਦੀਆਂ ਲਹਿਰਾਂ ਚਲ ਪੈਂਦੀਆਂ ਹਨ। ਇਹੋ ਕਾਰਨ ਸੀ ਕਿ ਜਦ ਭਾਈ ਸਾਹਿਬ ਰਣਧੀਰ ਸਿੰਘ ਜੀ ਸਤਿਗੁਰੂ ਦੀ ਹਜ਼ੂਰੀ ਵਿਚ ਬੈਠੇ ਨਾਮ-ਰੰਗਾਂ ਵਿਚ ਅਲੌਕਿਕ ਰਸ ਮਾਣ ਰਹੇ ਹੁੰਦੇ ਸਨ ਤਾਂ ਉਨ੍ਹਾਂ ਦੇ ਨੇੜੇ ਜੋ ਵੀ ਆ ਕੇ ਕੀਰਤਨ ਨਾਲ ਜੁੜਦਾ ਸੀ, ਉਸ ਦੇ ਅੰਦਰ ਐਸੀਆਂ ਇਲਾਹੀ ਤਰੰਗਾਂ ਉਠਦੀਆਂ ਕਿ ਉਹ ਵੀ ਉਸੇ ਅਗੰਮੀ ਰੰਗ ਵਿਚ ਰੰਗੀਜਿਆ ਜਾਂਦਾ ਸੀ।

ਪਰ, ਇਸ ਦੇ ਉਲਟ ਜੇ ਕਿਸੇ ਮਲੀਨ ਮਨ ਤੇ ਉਖੜੀ ਬਿਰਤੀ ਵਾਲੇ ਲਾਗੇ ਬੈਠਿਆ ਜਾਏ ਤਾਂ ਉਸ ਦੀ ਉਖੜੀ ਬਿਰਤੀ ਦੀਆਂ ਤਰੰਗਾਂ ਲਾਗੇ ਬੈਠੇ ਦੀ ਬਿਰਤੀ ਨੂੰ ਵੀ ਸਥਿਰ ਨਹੀਂ ਰਹਿਣ ਦੇਣਗੀਆਂ। ਇਸੇ ਤਰ੍ਹਾਂ ਜੇ ਕੋਈ ਮਨੁਖ ਅਵੇੜੇ ਬੋਲ ਬੋਲਦਾ ਹੈ ਤਾਂ ਉਸ ਦਾ ਪ੍ਰਭਾਵ ਵੀ ਆਲੇ ਦੁਆਲੇ ਤੇ ਅਵੱਸ਼ ਅਵੇੜਾ ਹੀ ਪੈਂਦਾ ਹੈ। ਪਿਛੇ ਜਿਹੇ ਅਮਰੀਕਾ ਯੂਨੀਵਰਸਿਟੀ ਦੀ ਖੋਜ ਨੇ ਇਹ ਗੱਲ ਸਿਧ ਕਰ ਵਿਖਾਈ ਹੈ ਕਿ ਜਿਸ ਘਰ ਦੇ ਵਿਹੜੇ ਵਿਚ ਫਿੱਕੇ ਬੋਲ ਬੋਲੇ ਜਾਂਦੇ ਹਨ, ਜਿਥੇ ਵਾਦ-ਵਿਵਾਦ ਤੇ ਕਲੇਸ਼ ਰਹਿੰਦਾ ਹੈ, ਉਸ ਵਿਹੜੇ ਦੇ ਖਿੜੇ ਹੋਏ ਫੁਲ ਬੂਟੇ ਵੀ ਕੁਮਲਾ ਜਾਂਦੇ ਹਨ।

ਇਹੋ ਕਾਰਨ ਹੈ ਕਿ ਗੁਰਬਾਣੀ ਵਿਚ ਰੱਬ ਤੋਂ ਭੁਲਿਆਂ ਸਾਕਤਾਂ ਪੁਰਸ਼ਾਂ ਦੀ ਸੰਗਤ ਤੋਂ ਵਰਜਿਆ ਗਿਆ ਹੈ, ਕਿਉਂਕਿ ਉਨ੍ਹਾਂ ਸਾਕਤਾਂ ਦੇ ਮਨ ਦੇ ਮੈਲੇ ਤਰੰਗਾਂ ਦਾ ਪ੍ਰਭਾਵ ਸੰਗੀਆਂ ਸਾਥੀਆਂ ਦੇ ਮਨਾਂ ਤੇ ਪੈਂਦਾ ਹੈ। ਗੁਰਬਾਣੀ ਫ਼ੁਰਮਾਂਦੀ ਹੈ—

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥ (੧੩੭੧)



www.AKJ.Org

ਭਗਤ ਕਬੀਰ ਜੀ ਨੇ ਸਾਕਤ ਪੁਰਸ਼ ਦੀ ਸੰਗਤ ਕਰਨ ਨੂੰ ਕਾਲਖ ਨਾਲ ਲਿਬੜੇ ਹੋਏ ਭਾਂਡੇ ਵਾਂਗ ਦਸਿਆ ਹੈ, ਜਿਸ ਨੂੰ ਹੱਥ ਲਾਇਆਂ ਜਾਂ ਜਿਸ ਨਾਲ ਕਪੜਾ ਛੁਹਿਆਂ ਪਲੇ ਕਾਲਖ ਹੀ ਪੈਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਸਾਕਤ, ਬੇ-ਅੰਮ੍ਰਿਤੀਏ, ਬੇਦੀਨੇ, ਪ੍ਰਭੂ ਤੋਂ ਭੁਲੇ ਹੋਏ ਪੁਰਸ਼ਾਂ ਦੇ ਮਨ ਵਿਚ ਸਦਾ ਸ਼ੈਤਾਨ ਦਾ ਵਾਸਾ ਹੁੰਦਾ ਹੈ। ਉਨ੍ਹਾਂ ਦੇ ਅੰਦਰ ਸ਼ੁਭ ਸਤੋ ਗੁਣਾਂ ਲਈ ਥਾਂ ਹੀ ਨਹੀਂ ਹੁੰਦੀ। ਐਸੇ ਬੇਦੀਨ ਸਾਕਤ ਪੁਰਸ਼ਾਂ ਦੀ ਸੰਗਤ ਅਤੇ ਉਨ੍ਹਾਂ ਨਾਲ ਖਾਣ ਪਾਣ ਬਾਰੇ ਸਤਿਗੁਰੂ ਜੀ ਐਉਂ ਫੁਰਮਾਂਦੇ ਹਨ—

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥

ਸਲੋਕ ਮ: ੧, ਵਾਰ ਸੂਹੀ, ਪੰਨਾ ੭੯੦

ਅਜਿਹੇ ਵੇਦੀਨਾਂ ਦੇ ਸ਼ੈਤਾਨੀ ਤਰੰਗਾਂ ਦਾ ਉਨ੍ਹਾਂ ਦੀ ਸੰਗਤ ਕਰਨ ਅਤੇ ਉਨ੍ਹਾਂ ਦੇ ਸੰਗ ਸਾਥ ਖਾਣ ਪਾਣ ਕਰਨ ਵਾਲਿਆਂ ਦੇ ਮਨ ਤੇ ਭੀ ਉਹੋ ਜਿਹਾ ਸ਼ੈਤਾਨੀ ਅਸਰ ਹੀ ਪਏਗਾ, ਜਿਸ ਤੋਂ ਬਚਣ ਲਈ ਸਤਿਗੁਰੂ ਜੀ ਸੁਚੇਤ ਕਰ ਰਹੇ ਹਨ। ਲੰਗਰ ਤਿਆਰ ਕਰਨ ਅਤੇ ਛਕਣ ਛਕਾਣ ਸਮੇਂ ਸਾਨੂੰ ਸਦਾ ਸੁਚੇਤ ਰਹਿਣਾ ਜ਼ਰੂਰੀ ਹੈ।

ਜਦੋਂ ਅਸੀਂ ਲੰਗਰ ਸਜਾਂਦੇ ਹਾਂ ਤਾਂ ਲੰਗਰ ਸਜਾਉਣ ਸਮੇਂ ਜੋ ਭੀ ਸਾਡੇ ਅੰਦਰ ਵਿਚਾਰ-ਤਰੰਗਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦਾ ਅਸਰ ਤਿਆਰ ਹੋਣ ਵਾਲੇ ਲੰਗਰ ਤੇ ਪੈਂਦਾ ਹੈ। ਜੋ ਪ੍ਰਾਣੀ ਇਹ ਲੰਗਰ ਛਕਦੇ ਹਨ, ਉਨ੍ਹਾਂ ਦੇ ਮਨਾਂ ਤੇ ਭੀ ਇਹ ਵਿਚਾਰ-ਤਰੰਗਾਂ ਆਪਣਾ ਅਸਰ ਪਾਉਂਦੀਆਂ ਹਨ। ਇਸੇ ਗੱਲ ਨੂੰ ਪੰਜਾਬੀ ਦਾ ਇਹ ਅਖਾਣ ਸਿਧ ਕਰ ਰਿਹਾ ਹੈ ਕਿ 'ਜੈਸਾ ਮਨ ਤੈਸਾ ਅੰਨ।' ਭਾਵ, ਜਿਹੋ ਜਿਹੇ ਮਨ ਨਾਲ ਤੁਸੀਂ ਅੰਨ ਦਾ ਭੋਜਨ ਤਿਆਰ ਕਰੋਗੇ, ਉਹੋ ਜਿਹਾ ਪ੍ਰਭਾਵ ਉਹ ਛਕਣ ਵਾਲਿਆਂ ਦੇ ਮਨਾਂ ਤੇ ਛਡ ਜਾਏਗਾ। ਇਸੇ ਕਰਕੇ ਗੁਰਸਿਖਾਂ ਦੇ ਲੰਗਰਾਂ ਵਿਚ ਇਹ ਪ੍ਰਥਾ ਸ਼ੁਰੂ ਤੋਂ ਚਲੀ ਆਉਂਦੀ ਹੈ ਕਿ ਲੰਗਰ ਦੀ ਸੇਵਾ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਹੀ ਕਰਨ, ਤਾਂ ਜੁ ਉਨ੍ਹਾਂ ਦੇ ਹਥੋਂ ਤਿਆਰ ਹੋਇਆ ਭੋਜਨ ਛਕਣ ਵਾਲਿਆਂ ਦੀ ਸੁਰਤੀ ਤੇ ਗੁਰਮੁਖੀ ਪ੍ਰਭਾਵ ਪ੍ਰਬਲ ਹੋ ਸਕਣ।

ਪ੍ਰੋਫੈਸਰ ਪੂਰਨ ਸਿੰਘ ਜੀ "ਸਤਿਗੁਰਾਂ ਦਾ ਇਲਾਹੀ ਲੰਗਰ" ਲੇਖ ਵਿਚ ਇਸ ਪ੍ਰਥਾਇ ਲਿਖਦੇ ਹਨ–

"ਬਾਣੀ ਪੜ੍ਹਦੇ ਪੜ੍ਹਦੇ ਲੰਗਰ ਤਿਆਰ ਹੁੰਦਾ ਹੈ। ਸਤਿਗੁਰੂ ਆਂਵਦੇ ਹਨ, ਪ੍ਰਸ਼ਾਦ ਪਾਉਂਦੇ ਹਨ ਤੇ ਸੀਤ ਪ੍ਰਸ਼ਾਦ ਸਭ ਸੰਗਤਾਂ ਛਕਦੀਆਂ ਹਨ। ਸਤਿਗੁਰੂ ਦੇ ਲੰਗਰ ਦੀ ਸੇਵਾ ਉਹ ਪੂਜਾ ਹੈ ਜਿਸ ਵਿਚ ਰੱਬ ਆਪ ਆ ਕੇ ਭਗਤ ਨਾਲ ਗੱਲਾਂ ਬਾਤਾਂ ਕਰਦਾ ਹੈ, ਉਹ ਰੱਬ ਨੂੰ ਭੋਗ ਲਗਾਉਂਦਾ ਹੈ ਤੇ ਭਗਤ ਰੱਬ ਨੂੰ ਛਕਾਉਂਦਾ ਹੈ। ਹਾਂ ਜੀ, ਧੰਨੇ ਭਗਤ ਨੇ ਬਾਬੇ ਨੂੰ ਦੁੱਧ ਜ਼ਰੂਰ ਛਕਾਇਆ ਸੀ।......ਹਾਂ ਜੀ, ਸਤਿਗੁਰ ਨੇ ਭੋਜਨ ਛਕਣ ਛਕਾਣ ਨੂੰ ਆਪਣੀ ਪ੍ਰੀਤ ਦਾ ਰੁਤਬਾ ਬਖਸ਼ਿਆ। ਸਤਿਗੁਰਾਂ ਦੇ ਲੰਗਰ ਦਾ ਇਕ ਇਕ ਭੋਰਾ ਪ੍ਰੀਤ ਦੇ ਤੂਫਾਨੀ ਨੂਰ ਵਿਚ ਗੁੰਦਿਆ ਹੁੰਦਾ ਹੈ।......**ਬਾਬੇ ਦੇ ਲੰਗਰ ਵਿਚ ਜਾਤ ਪਾਤ ਦੀ ਬਾਵਲੀ ਧੋਬੀਆਂ ਵਾਲੀ ਛੂ ਛੀਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ, ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ।** ਇਹ ਫ਼ਕੀਰਾਂ ਪੀਰਾਂ ਮੀਰਾਂ ਦਾ ਲੰਗਰ ਹੈ, ਜਿਸ ਦੇ ਦਰਵਾਜ਼ੇ ਤੇ ਸ਼ੇਰ ਪਹਿਰਾ ਦੇਂਦੇ ਹਨ। ਇਸ ਲੰਗਰ ਵਿਚ ਖੰਡਾ ਲਿਸ਼ਕਦਾ ਹੈ। ਇਹ ਡਾਢਿਆਂ ਦਾ ਲੰਗਰ ਹੈ। ਇਥੇ ਜ਼ੋਰ ਵਾਲੇ ਤੇ ਡਾਢੇ ਪ੍ਰਸ਼ਾਦ ਛਕਦੇ ਹਨ–'ਤਿਥੈ ਜੋਧ ਮਹਾਂ ਬਲ ਸੂਰ' ॥ ਗੁਰੂ ਕੇ ਸਿੰਘ ਤਿਆਰ ਬਰ ਤਿਆਰ ਕਮਰਕਸੇ ਸਿਪਾਹੀ ਹਨ। ......ਧੰਨ ਉਹ, ਜਿਹੜੇ ਭਲਕੇ ਉਠ ਕੇ ਨਾਮ ਜਪਦੇ ਲੰਗਰ ਤਿਆਰ ਕਰਦੇ, ਸਚਖੰਡ ਆ ਜਾ ਕੇ ਸਤਸੰਗੀਆਂ ਦੀਆਂ ਲਿਆਂਦੀਆਂ ਨਿਆਮਤਾਂ ਛਕਦੇ ਛਕਾਉਂਦੇ ਹਨ।"

ਸੋ ਗੁਰੂ ਬਾਬੇ ਦੇ ਐਸੇ ਤਿਆਰ-ਬਰ-ਤਿਆਰ ਲੰਗਰ ਵਿਚ ਢਿਲ-ਮਠ ਵਰਤਾਣ ਨਾਲ ਸਤਿਗੁਰੂ ਦੀਆਂ ਖੁਸ਼ੀਆਂ ਕਿਵੇਂ ਪ੍ਰਾਪਤ ਹੋ ਸਕਦੀਆਂ ਹਨ! ਅਜ ਕਲ੍ਹ ਕਈ ਵਾਰ ਸਮਾਗਮਾਂ ਦੇ ਲੰਗਰ ਵਿਚ ਵੇਖਣ ਵਿਚ


www.AKJ.Org

ਆਉਂਦਾ ਹੈ ਕਿ ਇਸ ਪੱਖੋਂ ਕੁਤਾਹੀ ਤੋਂ ਕੰਮ ਲਿਆ ਜਾਂਦਾ ਹੈ ਅਤੇ ਕਈ ਪ੍ਰੇਮੀ, ਜੋ ਅਜੇ ਅੰਮ੍ਰਿਤ ਪਾਨ ਕਰ ਕੇ ਤਿਆਰ-ਬਰ-ਤਿਆਰ ਨਹੀਂ ਹੁੰਦੇ, ਉਹ ਲੰਗਰ ਦੀ ਸੇਵਾ ਵਿਚ ਜੁਟੇ ਹੁੰਦੇ ਹਨ। ਜਿਥੇ ਲੰਗਰ ਤਿਆਰ ਕਰਨ ਲਈ ਸਿੰਘਾਂ ਸਿੰਘਣੀਆਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ ਉਥੇ ਲੰਗਰ ਵਰਤਾਣ, ਜਲ ਦੀ ਸੇਵਾ ਕਰਨ ਆਦਿ ਵਿਚ ਤਿਆਰ-ਬਰ-ਤਿਆਰ ਵੀਰਾਂ ਭੈਣਾਂ ਦਾ ਹੋਣਾ ਅਤੀ ਲਾਜ਼ਮੀ ਹੈ। ਇਸ ਲਈ ਸਮੂਹ ਪਿਆਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 'ਗੁਰੂ ਕੇ ਲੰਗਰ' ਦੇ ਤਿਆਰ ਕਰਨ ਅਤੇ ਵਰਤਾਣ ਵਿਚ ਢਿਲ-ਮਠ ਨਹੀਂ ਹੋਣੀ ਚਾਹੀਦੀ। ਸਾਰੇ ਸੇਵਾਦਾਰ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ। ਹੋਰ ਪ੍ਰੇਮੀ ਸਜਣ ਸਬਜ਼ੀਆਂ ਭਾਜੀਆਂ ਕਟਣ, ਤਪੜ ਝਾੜਨ ਅਤੇ ਝਾੜੂ ਦੇਣ ਆਦਿ ਦੀ ਸੇਵਾ ਨਿਭਾ ਸਕਦੇ ਹਨ।

**'ਗੁਰੂ ਕੇ ਲੰਗਰ' ਦੇ ਬਰਤਨ—**

ਆਮ ਵੇਖਣ ਵਿਚ ਆਉਂਦਾ ਹੈ ਕਿ ਭਾਵੇਂ ਲੰਗਰ ਸਜਾਉਣ ਵਰਤਾਉਣ ਵਾਲੇ ਸੇਵਾਦਾਰ ਚਾਹੇ ਗੁਰੂ ਕੇ ਸਿੰਘ ਹੀ ਹੁੰਦੇ ਹਨ, ਪਰ ਕਈ ਥਾਈਂ ਸੁਖ-ਰਹਿਣੀਏ ਸਿੰਘ ਭਾਂਡਿਆਂ ਦੀ ਸੋਧ-ਸੁਧਾਈ ਅਨ-ਮਤੀਏ ਪ੍ਰਾਣੀਆਂ ਜਾਂ ਮਹਿਰਿਆਂ ਤੋਂ ਕਰਾਉਂਦੇ ਹਨ, ਜਿਥੇ ਕਿ ਨਿਰੀ ਜੂਠ ਹੀ ਜੂਠ ਵਰਤ ਰਹੀ ਹੁੰਦੀ ਹੈ। ਇਹ ਬਰਤਨ ਕਿਵੇਂ ਸੁਚੇ ਕਹੇ ਜਾ ਸਕਦੇ ਹਨ ਜਿਨ੍ਹਾਂ ਨੂੰ ਪਾਣੀ ਜਿਹੇ ਵਿਚ ਉਘਾਲ ਕੇ ਰਖ ਦਿਤਾ ਜਾਂਦਾ ਹੈ। ਦੇਖਾ-ਦੇਖੀ ਇਹ ਢਿਲਿਆਈ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਿਸ ਦੀ ਰੋਕ-ਥਾਮ ਲਈ ਪੂਰਾ ਧਿਆਨ ਦੇਣ ਦੀ ਲੋੜ ਹੈ! ਇਹੋ ਜਿਹੇ ਅਖੌਤੀ ਸਾਫ਼ ਕੀਤੇ ਬਰਤਨਾਂ ਵਿਚ ਸਜਾਇਆ ਵਰਤਾਇਆ ਲੰਗਰ 'ਬਿਬੇਕ ਦਾ ਲੰਗਰ' ਨਹੀਂ ਅਖਵਾ ਸਕਦਾ। ਸਤਿਗੁਰੂ ਦਾ ਹੁਕਮ ਹੈ, "ਸੁਚਿ ਹੋਵੈ ਤਾ ਸਚੁ ਪਾਈਐ ॥"* ਜਿਥੇ ਮਨ ਤੇ ਤਨ ਦੀ ਸੁਚ ਦੀ ਅਤੀ ਲੋੜ ਹੈ, ਉਥੇ ਇਸ ਤਨ ਤੇ ਮਨ ਨੂੰ ਅਹਾਰ ਦੇਣ ਲਈ ਸਜਾਉਣ ਵਰਤਾਉਣ ਵਾਲੇ ਬਰਤਨਾਂ ਵਿਚ ਵੀ ਪੂਰੀ ਸੁਚਮਤਾ ਦੀ ਲੋੜ ਹੈ। ਇਸ ਸੁਚਮਤਾ ਅਥਵਾ ਪਵਿਤਰਤਾ ਨੂੰ ਬਾਮਣ-ਵਾਦ ਆਖਣਾ, ਉਪਰੋਕਤ ਗੁਰ-ਹੁਕਮਾਂ ਦੀ ਰੋਸ਼ਨੀ ਵਿਚ ਨਿਰਾ ਗ਼ਲਤ ਹੀ ਨਹੀਂ, ਸਗੋਂ ਮਨਮੁਖੀ ਚੁਚਰਾਂ ਕਿਹਾ ਜਾ ਸਕਦਾ ਹੈ।

ਸੋ ਇਸ ਸੰਬੰਧ ਵਿਚ ਇਕ ਸੁਝਾਅ ਪੇਸ਼ ਕੀਤਾ ਜਾਂਦਾ ਹੈ ਕਿ 'ਗੁਰੂ ਕੇ ਲੰਗਰ' ਦੀ ਸੇਵਾ ਨਿਭਾਉਣ ਲਈ ਮੁਖੀ ਵਜੋਂ ਕੋਈ ਇਕ ਸਿੰਘ ਜਾਂ ਸਿੰਘਣੀ ਨਿਯੁਕਤ ਹੋਵੇ। ਉਹ ਮੁਖੀ ਅਗੋਂ ਹੋਰ ਸੇਵਾਦਾਰਾਂ ਦੇ ਸੰਬੰਧ ਵਿਚ ਤਸੱਲੀ ਕਰੇ ਕਿ ਉਹ ਸਾਰੇ ਅੰਮ੍ਰਿਤਧਾਰੀ ਤੇ ਤਿਆਰ-ਬਰ-ਤਿਆਰ ਹਨ। ਜੇ ਇਨ੍ਹਾਂ ਸੇਵਾਦਾਰਾਂ ਵਿਚ ਕੋਈ ਢਿਲੜ ਵਿਅਕਤੀ ਸ਼ਾਮਲ ਹੋ ਜਾਂਦੀ ਹੈ ਤਾਂ ਉਹ ਮੁਖੀ ਸੰਗਤ ਅਗੇ ਇਸ ਦਾ ਜਵਾਬ-ਦੇਹ ਹੋਵੇ।

ਲੰਗਰ ਤਿਆਰ ਕਰਨ ਸਮੇਂ ਦੇਖਿਆ ਜਾਂਦਾ ਹੈ ਕਿ ਸੇਵਾਦਾਰ ਲੰਗਰ ਭੀ ਤਿਆਰ ਕਰਦੇ ਜਾਂਦੇ ਹਨ ਤੇ ਆਪੋ ਵਿਚ ਏਧਰ ਓਧਰ ਦੀਆਂ ਗੱਲਾਂ ਭੀ ਕਰੀ ਜਾਂਦੇ ਹਨ। ਉਹ ਗੱਲਾਂ ਬਾਤਾਂ ਦਾ ਅਸਰ ਭੀ ਤਿਆਰ ਹੋਣ ਵਾਲੇ ਭੋਜਨ ਤੇ ਪਵੇਗਾ ਜਾਂ ਇਉਂ ਸਮਝ ਲਓ ਜਿਸ ਤਰ੍ਹਾਂ ਕਿ ਰੀਕਾਰਡ ਤੇ ਕੋਈ ਗੱਲ-ਬਾਤ ਰੀਕਾਰਡ ਹੋ ਜਾਂਦੀ ਹੈ ਜਾਂ ਟੇਪ ਤੇ ਕੋਈ ਗੱਲਬਾਤ ਟੇਪ ਹੋ ਜਾਂਦੀ ਹੈ ਇਸੀ ਤਰ੍ਹਾਂ ਸਾਡੀਆਂ ਆਪਸ ਵਿਚ ਕੀਤੀਆਂ ਗੱਲਾਂ ਬਾਤਾਂ ਭੀ ਤਿਆਰ ਹੋਣ ਵਾਲੇ ਲੰਗਰ ਤੇ ਅਸਰ ਪਾ ਜਾਂਦੀਆਂ ਹਨ। ਇਸ ਲਈ ਬੇਨਤੀ ਹੈ ਕਿ ਲੰਗਰ ਤਿਆਰ ਕਰਨ ਵਾਲੇ ਸੱਜਨ ਲੰਗਰ ਸੰਬੰਧੀ ਜ਼ਰੂਰੀ ਗੱਲ-ਬਾਤ ਤੋਂ ਇਲਾਵਾ ਕੋਈ ਵਾਧੂ ਗੱਲ-ਬਾਤ ਨਾ ਕਰਨ ਅਤੇ ਗੱਲਾਂ ਬਾਤਾਂ ਦੀ ਬਜਾਏ ਗੁਰਬਾਣੀ ਦਾ ਪਾਠ ਕਰਦੇ ਰਹਿਣ ਜਾ ਨਾਮ ਸਿਮਰਨ ਵਿਚ ਜੁਟੇ ਹੋਏ ਹੀ ਲੰਗਰ ਦੀ ਸੇਵਾ ਕਰਨ। ਨਾਮ ਬਾਣੀ ਦੇ ਉਚਾਰਨ ਨਾਲ ਹੀ ਲੰਗਰ ਵਿਚ ਅੰਮ੍ਰਿਤ ਕਲਾ ਵਰਤਦੀ ਹੈ।

ਆਪਣੇ ਘਰਾਂ ਵਿਚ ਭੀ ਲੰਗਰ ਤਿਆਰ ਕਰਨ ਸਮੇਂ ਬੀਬੀਆਂ ਇਸੇ ਸਿਧਾਂਤ ਤੇ ਪਹਿਰਾ ਦੇਣ। ਘਰ ਦਾ ਲੰਗਰ ਭੀ ਬਾਣੀ ਦਾ ਪਾਠ ਜਾਂ ਨਾਮ ਸਿਮਰਨ ਕਰਦੇ ਹੋਏ ਹੀ ਤਿਆਰ ਕਰਨਾ ਚਾਹੀਦਾ ਹੈ। ਇਹ ਭੋਜਨ ਛਕਣ ਨਾਲ ਪਰਵਾਰ ਦੇ ਜੀਆਂ ਦੀ ਸੁਰਤੀ ਬਿਰਤੀ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਮਦਦ ਮਿਲੇਗੀ।

---

* ਮ: ੧, ਆਸਾ ਦੀ ਵਾਰ, ਪੰਨਾ ੪੭੨



www.AKJ.Org

# ਨਾਨਕ ਇਹ ਗੁਣਿ ਨਾਮੁ ਸੁਖਮਨੀ

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ, ਮਨ ਨੂੰ ਸੁਖ ਦੇਣ ਵਾਲੀ ਅੰਮ੍ਰਿਤ-ਬਾਣੀ 'ਸੁਖਮਨੀ' ਦੀ ਸੰਪੂਰਨਤਾ ਤੇ, ਅੰਤ ਵਿਚ ਇਸ ਬਾਣੀ ਦਾ ਮਹਾਤਮ ਦਰਸਾਉਂਦੇ ਹਨ ਕਿ ਇਹ ਬਾਣੀ ਇਸ ਗੁਣ ਕਰਕੇ 'ਸੁਖਮਨੀ' ਹੈ, ਕਿਉਂਕਿ ਇਸ ਬਾਣੀ ਅੰਦਰ 'ਨਾਮੁ' ਗੁੰਫਤ ਹੈ। ਨਾਮ ਜੋ ਸਾਰੇ ਸੁਖਾਂ ਦੀ ਮਣੀ ਹੈ, ਨਾਮ ਜੋ ਮਨ ਨੂੰ ਮਹਾਨ ਸੁਖ ਤੇ ਸ਼ਾਂਤੀ ਬਖ਼ਸ਼ਣ ਵਾਲਾ ਹੈ, ਇਸ ਬਾਣੀ ਵਿਚ ਪ੍ਰਧਾਨ ਹੈ। ਇਸ ਸਮੁਚੀ ਬਾਣੀ ਵਿਚ ਮੁਖ ਤੌਰ ਤੇ ਨਾਮ ਦਾ ਹੀ ਜ਼ਿਕਰ ਹੈ। ਇਸੇ ਮੁਖ ਗੁਣ ਕਰਕੇ ਇਹ ਬਾਣੀ 'ਸੁਖਮਨੀ' ਹੈ।

ਧਿਆਨ ਗੋਚਰੇ ਲਗ-ਮਾਤ੍ਰੀ ਬਣਤਰ ਇਸ ਤੁਕ ਵਿਚ ਇਹ ਹੈ ਕਿ 'ਗੁਣਿ' ਸ਼ਬਦ ਦੇ ਅੰਤਲੇ 'ਣ' ਤੋਂ ਪਹਿਲਾਂ ਸਿਹਾਰੀ ਲਗੀ ਹੋਈ ਹੈ, ਜਿਸ ਕਰਕੇ "ਇਹ ਗੁਣਿ" ਦੇ ਅਰਥ ਹਨ—'ਇਸ ਗੁਣ ਕਰਕੇ'। ਕਿਹੜੇ ਉਸ ਗੁਣ ਕਰਕੇ ? ਇਸ ਦਾ ਉਤਰ ਵੀ ਨਾਲ ਹੀ 'ਨਾਮੁ' ਸ਼ਬਦ ਦੇ ਕੇ ਸਪੱਸ਼ਟ ਕੀਤਾ ਗਿਆ ਹੈ ਕ੍ਰਿ ਇਹ ਗੁਣ ਹੈ 'ਨਾਮੁ'। ਨਾਮੁ ਦੇ ਅੰਤਲੇ 'ਮ' ਨੂੰ ਔਂਕੜ ਲਗਾ ਹੋਇਆ ਹੈ, ਜਿਸ ਦਾ ਭਾਵ ਹੈ, ਨਾਮੀ ਪ੍ਰਭੂ ਦਾ 'ਨਾਮੁ'।

ਹੁਣ ਇਸੇ ਸੇਧ ਵਿਚ ਇਸ ਪਉੜੀ ਦੀਆਂ ਸਾਰੀਆਂ ਤੁਕਾਂ ਦੇ ਅਰਥ ਭਾਵ ਨੂੰ ਵਾਚੀਏ ਤਾਂ 'ਸੁਖਮਨੀ' ਦਾ ਮਹਾਤਮ ਉਘੜ ਕੇ ਸਾਹਮਣੇ ਆ ਜਾਂਦਾ ਹੈ। ਤੁਕਾਂ ਇਉਂ ਹਨ–

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ ਮਨ ਮਾਹਿ ਸਮਾਨੀ ॥
ਦੂਖ ਰੋਗ ਬਿਨਸੈ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥

ਭਾਵ, ਇਹ ਅੰਮ੍ਰਿਤ-ਬਾਣੀ ਸੁਖਮਨੀ ਜਿਸ ਦੇ ਮਨ ਵਿਚ ਵਸ ਜਾਂਦੀ ਹੈ ਅਤੇ ਜੋ ਪ੍ਰਾਣੀ ਇਸ ਬਾਣੀ ਨੂੰ ਪੂਰਨ ਪ੍ਰੀਤ ਤੇ ਸ਼ਰਧਾ-ਭਾਵਨੀ ਸਹਿਤ ਸੁਣਦਾ ਹੈ, ਉਸ ਪ੍ਰਾਣੀ ਨੂੰ ਹਰੀ-ਪ੍ਰਭੂ ਚਿਤ ਵਿਚ ਚੇਤੇ ਆਉਂਦਾ ਹੈ, ਉਸ ਦੇ ਹਿਰਦੇ ਵਿਚ ਨਾਮ-ਸਿਮਰਨ ਆ ਵਸਦਾ ਹੈ, ਉਹ ਅੰਦਰੋਂ ਸਿਮਰਨ ਨਾਲ ਜੁੜ ਜਾਂਦਾ ਹੈ। ਫਿਰ ਉਸ ਦੇ ਜਨਮ ਮਰਨ ਦਾ ਦੁਖ ਕਟਿਆ ਜਾਂਦਾ ਹੈ, ਉਸ ਦਾ ਆਵਾ-ਗਉਣ ਦਾ ਚੱਕਰ ਕਟਿਆ ਜਾਂਦਾ ਹੈ ਅਤੇ ਉਸ ਦੀ ਦੁਰਲਭ ਦੇਹੀ ਦਾ ਤਤ-ਛਿਨ ਉਧਾਰ ਹੋ ਜਾਂਦਾ ਹੈ। ਚੂੰਕਿ ਸ੍ਰੀ ਸੁਖਮਨੀ ਸਾਹਿਬ ਇਕ ਨਾਮ ਨੂੰ ਮਨ ਵਿਚ ਸਮਾਉਣ ਵਾਲੀ ਹੈ, ਇਸ ਬਾਣੀ ਦੇ ਪੜ੍ਹਨ ਸੁਣਨ ਨਾਲ ਨਾਮ ਮਨ ਵਿਚ ਵਸ ਜਾਂਦਾ ਹੈ, ਇਸ ਕਰਕੇ ਨਾਮ-ਸਿਮਰਨ ਦੀ ਬਦੌਲਤ ਐਸੇ ਪੁਰਸ਼ ਦੀ ਬਹੁਤ ਸਵੱਛ ਤੇ ਉਤਮ ਕੀਰਤੀ ਫੈਲ ਜਾਂਦੀ ਹੈ ਅਤੇ ਉਸ ਦੀ ਬੋਲ-ਬਾਣੀ, ਸੁਭਾਵ ਆਦਿ ਸਭ ਅੰਮ੍ਰਿਤ-ਮੋਈ ਹੋ ਜਾਂਦੇ ਹਨ। ਫਿਰ ਉਸ ਦੇ ਸਾਰੇ ਦੁਖ, ਰੋਗ ਤੇ ਵਹਿਮ-ਭਰਮ ਖ਼ਤਮ ਹੋ ਜਾਂਦੇ ਹਨ। ਉਸ ਦਾ ਨਾਂ 'ਸਾਧ' ਭਾਵ, ਸਰੇਸ਼ਟ ਪੁਰਸ਼ ਪੈ ਜਾਂਦਾ ਹੈ, ਉਹ ਉਤਮ ਪੁਰਖ ਕਰਕੇ ਜਾਣਿਆ ਜਾਂਦਾ ਹੈ ਅਤੇ ਉਸ ਦੇ ਸਭ ਤਰ੍ਹਾਂ ਦੇ ਕਰਮ ਨਿਰਮਲ ਹੋ ਜਾਂਦੇ ਹਨ, ਜਿਨ੍ਹਾਂ ਵਿਚ ਕੋਈ ਖੋਟ, ਮੈਲ, ਝੂਠ, ਫ਼ਰੇਬ ਜਾਂ ਠੱਗੀ ਨਹੀਂ ਹੁੰਦੀ।

ਆਖ਼ਰੀ ਤੁਕਾਂ ਹਨ–

ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥

ਪਿਛੇ ਆਈ ਤੁਕ "ਏਕੁ ਨਾਮੁ ਮਨ ਮਾਹਿ ਸਮਾਨੀ" ਅਨੁਸਾਰ ਸੁਖਮਨੀ ਸਾਹਿਬ ਨਾਮ ਦਾ ਮਨ ਵਿਚ ਵਾਸਾ ਕਰਾ ਦੇਂਦੀ ਹੈ, ਇਸ ਕਰਕੇ ਨਾਮ-ਸਿਮਰਨ ਵਾਲੇ ਅਜਿਹੇ ਪ੍ਰਾਣੀ ਨੂੰ ਸਭ ਤੋਂ ਉਚੀ, ਭਾਵ ਉਚੀਓਂ ਉਚੀ ਸੋਭਾ ਪ੍ਰਾਪਤ ਹੋ ਜਾਂਦੀ ਹੈ। ਛੇਕੜਲੀ ਤੁਕ ਵਿਚ ਗੁਰੂ ਪਾਤਸ਼ਾਹ ਜੀ 'ਨਾਨਕ' ਮੁਹਰ-ਛਾਪ ਲਾ ਕੇ ਫ਼ੁਰਮਾਂਦੇ ਹਨ ਕਿ ਸ੍ਰੀ ਸੁਖਮਨੀ ਸਾਹਿਬ ਅੰਦਰ ਜੋ ਸਭ ਤੋਂ ਉਤਮ ਵਸਤੂ 'ਨਾਮੁ' (ਗੁੰਫਤ) ਹੈ, ਇਸੇ ਗੁਣ ਕਰਕੇ ਇਹ ਬਾਣੀ 'ਸੁਖਮਨੀ' ਹੈ। ਇਹ ਬਾਣੀ ਤਪਿਆਂ ਮਨਾਂ ਅੰਦਰ ਠੰਢ ਵਰਤਾਣ ਵਾਲੀ ਹੈ, ਦੁਖੀ ਹਿਰਦਿਆਂ ਨੂੰ ਸੁਖ ਦੇਣ ਵਾਲੀ ਹੈ।



www.AKJ.Org

ਸ੍ਰੀ ਸੁਖਮਨੀ ਸਾਹਿਬ ਦੀ ਇਸ ਆਖ਼ਰੀ ਅਸ਼ਟਪਦੀ ਦੀ ਪੰਜਵੀਂ ਪਉੜੀ ਵਿਚ ਉਪਰੋਕਤ ਭਾਵ ਦੀ ਹੋਰ ਵੀ ਸਪੱਸ਼ਟ ਸ਼ਬਦਾਂ ਵਿਚ ਪ੍ਰੋੜ੍ਹਤਾ ਕੀਤੀ ਹੋਈ ਹੈ। ਸਤਿਗੁਰੂ ਜੀ ਨੇ ਫ਼ੁਰਮਾਇਆ ਹੈ—

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥
ਸਰਬ ਇਛਾ ਤਾ ਕੀ ਪੂਰਨ ਹੋਇ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥
ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥੫॥

ਹੇ ਗੁਰਮੁਖ-ਸੰਤ-ਮੀਤ ! ਪ੍ਰਭੂ ਦੀ ਉਸਤਤੀ, ਸਿਫ਼ਤ-ਸਾਲਾਤ ਸਾਵਧਾਨ ਤੇ ਇਕਾਗਰ-ਚਿਤ ਹੋ ਕੇ ਕਰਨੀ ਚਾਹੀਦੀ ਹੈ, ਸਭ ਤਰ੍ਹਾਂ ਦੇ ਫੁਰਨਿਆਂ ਤੇ ਕਾਬੂ ਪਾ ਕੇ, ਮਨ ਦੀ ਨੱਜ-ਭੱਜ ਤੇ ਹਰ ਤਰ੍ਹਾਂ ਦੀ ਭਟਕਣਾ ਮੁਕਾ ਕੇ ਨਾਮ-ਸਿਮਰਨ ਕੀਤਾ ਜਾਏ। (ਇਸ ਨਾਲ ਸਹਜ ਵਿਚ ਟਿਕੀਦਾ ਹੈ)। ਅੰਮ੍ਰਿਤ-ਬਾਣੀ 'ਸੁਖਮਨੀ' ਗੋਬਿੰਦ ਨਾਮ ਦੇ ਗੁਣਾਂ ਦਾ ਗਾਇਨ ਹੈ, ਇਹ ਸਹਜ (ਅਡੋਲ ਅਵਸਥਾ) ਦਾ ਸਾਧਨ ਹੈ। ਇਸ ਕਰਕੇ ਜਿਸ ਪ੍ਰਾਣੀ ਦੇ ਮਨ ਵਿਚ ਇਹ ਵਸ ਜਾਂਦੀ ਹੈ, ਉਹ (ਸਹਜ ਅਵਸਥਾ ਵਿਚ ਟਿਕ ਜਾਣ ਕਰਕੇ) ਗੁਣਾਂ ਦਾ ਖ਼ਜ਼ਾਨਾ ਹੋ ਜਾਂਦਾ ਹੈ, ਉਸ ਵਿਚ ਸਾਰੇ ਗੁਣ ਭਰਪੂਰ ਹੋ ਜਾਂਦੇ ਹਨ। ਉਸ ਦੀ ਸਾਰੀ ਇਛਾ ਪੂਰੀ ਹੋ ਜਾਂਦੀ ਹੈ ਅਤੇ ਸਾਰੀ ਲੁਕਾਈ ਵਿਚ ਉਹ ਪ੍ਰਗਟ ਪਹਾਰੇ ਪ੍ਰਧਾਨ (ਮੁਖੀ) ਪੁਰਖ ਜਾਣਿਆ ਜਾਂਦਾ ਹੈ। ਸਭ ਤੋਂ ਉਚੇ ਅਸਥਾਨ ਨੂੰ ਉਹ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦਾ ਮੁੜ ਕੇ ਸੰਸਾਰ ਵਿਚ ਆਉਣਾ ਜਾਣਾ ਨਹੀਂ ਹੁੰਦਾ; ਉਸ ਦਾ ਜਨਮ-ਮਰਨ ਦਾ ਗੇੜ ਮੁਕ ਜਾਂਦਾ ਹੈ। ਇਸ ਪਉੜੀ ਦੀਆਂ ਛੇਕੜਲੀਆਂ ਦੋ ਤੁਕਾਂ ਵਿਚ ਇਹ ਵੀ ਚਿਤਾਵਨੀ ਦਿਤੀ ਗਈ ਹੈ ਕਿ ਮਤਾਂ ਕੋਈ ਚਤੁਰਾਈ ਤੇ ਹੰਕਾਰ ਕਰ ਬੈਠੇ। ਸਪੱਸ਼ਟ ਕੀਤਾ ਹੈ ਕਿ ਇਹ ਨਾਮ-ਧਨ ਉਹੀ ਪੁਰਸ਼ ਇਸ ਸੰਸਾਰ ਤੋਂ ਖਟ ਕੇ ਨਾਲ ਲੈ ਜਾਂਦਾ ਹੈ, ਜਿਸ ਨੂੰ ਇਸ ਨਾਮ-ਧਨ ਦੀ ਬਖ਼ਸ਼ਸ਼ ਪ੍ਰਾਪਤ ਹੋਈ ਹੋਵੇ। ਬਖ਼ਸ਼ਸ਼ ਤੋਂ ਬਿਨਾਂ ਨਾਮ-ਧਨ ਇਕੱਠਾ ਕਰਨ ਦੀ, ਨਾਮ-ਸਿਮਰਨ ਦੀ ਕਮਾਈ ਕਰਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਖ਼ਸ਼ਸ਼ ਕੇਵਲ ਨਾਮ-ਦਾਤੇ ਸਤਿਗੁਰੂ ਦੀ ਸ਼ਰਨ ਲੈਣ ਨਾਲ ਹੀ ਹੁੰਦੀ ਹੈ।

ਅਸਾਂ ਵਿਚਾਰ ਇਥੋਂ ਅਰੰਭੀ ਸੀ ਕਿ ਸੁਖਮਨੀ ਦੀ ਰਚਨਾ ਕਰ ਕੇ ਇਸ ਦੇ ਅੰਤ ਵਿਚ ਸੀਤਲਤਾ ਦੇ ਸੋਮੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜਿਨ੍ਹਾਂ ਨੇ ਕਿ "ਤਪਤਿ ਮਾਹਿ ਠਾਢਿ ਵਰਤਾਈ" ਦੇ ਪਰਤੱਖ ਪੂਰਨੇ ਪਾਏ, ਜਿਨ੍ਹਾਂ ਦੀ ਬਾਣੀ ਨੇ ਤਪੇ ਹਿਰਦਿਆਂ ਵਿਚ ਠੰਢ ਵਰਤਾਈ ਹੈ, ਐਸੇ ਸ਼ਾਂਤੀ ਦੇ ਪੁੰਜ ਸਤਿਗੁਰੂ ਜੀ ਸੁਖਮਨੀ ਸਾਹਿਬ ਦਾ ਮਹਾਤਮ ਦਸਦੇ ਹੋਏ ਫ਼ੁਰਮਾਂਦੇ ਹਨ ਕਿ ਇਸ ਬਾਣੀ ਵਿਚ ਨਾਮ ਸਮਾਇਆ ਹੋਇਆ ਹੈ, ਇਸੇ ਕਰਕੇ ਇਹ 'ਸੁਖਮਨੀ' ਹੈ।

ਸਤਿਗੁਰੂ ਜੀ ਨੇ ਬਾਣੀ ਦੇ ਅਰੰਭ ਵਿਚ ਵੀ ਪਹਿਲੀ ਪਉੜੀ ਤੋਂ ਬਾਅਦ 'ਰਹਾਉ' ਦੀਆਂ ਦੋ ਤੁਕਾਂ ਵਿਚ ਸਾਨੂੰ ਇਹ ਗੱਲ ਰੋਸ਼ਨ ਕਰ ਦਿਤੀ ਹੈ ਕਿ—

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥੧॥ਰਹਾਉ॥

ਭਾਵ, 'ਸੁਖਮਨੀ' ਸੁਖਾਂ ਦੀ ਦਾਤੀ ਹੈ, ਸੁਖਦਾਇਕ ਹੈ, ਕਿਉਂਕਿ ਇਸ ਵਿਚ ਪ੍ਰਭੂ ਦਾ ਅੰਮ੍ਰਿਤ-ਨਾਮ ਹੈ। ਅਤੇ ਇਹ ਸੁਖਾਂ ਦੀ ਮਣੀ ਜੋ ਅੰਮ੍ਰਿਤ-ਨਾਮ ਹੈ, ਇਸ ਦਾ ਟਿਕਾਣਾ ਭਗਤ ਜਨਾਂ ਦੇ ਮਨ ਵਿਚ ਹੈ।

ਭਗਤ ਤੋਂ ਭਾਵ ਸਤਿਗੁਰੂ ਜੀ ਦਾ ਕਿਸੇ ਖਾਸ ਉਚੇਚੇ ਭੇਖ ਦੇ ਧਾਰਨੀ ਤੋਂ ਨਹੀਂ, ਸਗੋਂ ਆਪ ਜੀ ਨੇ ਸੁਖਮਨੀ ਸਾਹਿਬ ਵਿਚ ਹੀ 'ਭਗਤ' ਦੇ ਲਛਣ ਦਸ ਕੇ ਇਹ ਗੱਲ ਸਪੱਸ਼ਟ ਕਰ ਦਿਤੀ ਹੈ ਕਿ ਸਤਿਗੁਰੂ ਤੇ ਪੂਰਨ ਭਰੋਸਾ ਰਖਣ ਵਾਲਾ, ਇਕ ਵਾਹਿਗੁਰੂ ਜੀ ਦੇ ਨਾਮ ਨੂੰ ਹਿਰਦੇ ਵਿਚ ਵਸਾਣ ਵਾਲਾ, ਸੱਚ ਦਾ ਧਾਰਨੀ, ਰਹਿਤ ਰਹਿਣੀ ਤੇ ਸੱਚ-ਕਰਣੀ ਵਾਲਾ ਪ੍ਰਾਣੀ ਭਗਤ ਹੈ। ਉਸ ਨੂੰ ਸਾਰੇ ਜਗਤ ਵਿਚ ਹੀ ਪ੍ਰਭੂ ਦੀ ਜੋਤਿ ਪਸਰੀ ਨਜ਼ਰ


www.AKJ.Org

# ਜੋਤਿ ਅਬੁਝ ਜਗਾਈ

[ਸ: ਅਤਰ ਸਿੰਘ ਨੀਰ 269 A/Q.U. ਪੀਤਮਪੁਰਾ, ਦਿਲੀ—39]

ਵੀਹ ਵਿਸਵੇ ਹੈ ਗੁਰੂ ਪਿਆਰਾ ਸੰਗਤ ਵਿਸਵੇ ਇੱਕੀ
ਸੰਗਤ ਹੈ ਅਮੁਕ ਰੌਸ਼ਨੀ ਜਿਉਂ ਸੂਰਜ ਦੀ ਟਿੱਕੀ
ਅਪਣੇ ਨਾਲੋਂ ਮਾਣ ਸੰਗਤ ਦਾ ਵੱਧ ਗੁਰੂ ਹੈ ਕਰਦਾ
ਆਪੇ ਸੇਵਕ ਦਾਸ, ਸੰਗਤ ਦਾ, ਆਪੇ ਬਣਦਾ ਬਰਦਾ
ਗੁਰੂ ਘਰ ਦੀ ਸਦਾ ਵਡਿਆਈ ਸੰਗਤ ਨੇ ਹੈ ਜਾਣੀ
ਗੁਰੂ ਘਰ ਦੀ ਸਦਾ ਹੀ ਰਹਿਮਤ ਸੰਗਤ ਨੇ ਹੈ ਮਾਣੀ
ਗੁਰੂ ਘਰ ਤੇ ਸੰਗਤ ਦਾ ਹੈ ਰਿਸ਼ਤਾ ਬੜਾ ਨਿਆਰਾ
ਸੰਗਤ ਤਾਈਂ ਗੁਰੂ ਬਣਾਵੇ ਆਪਣੀ ਢਾਲ-ਸਹਾਰਾ
ਇਹ ਫ਼ਲਸਫ਼ਾ ਗੁਰੂ ਨਿਭਾਇਆ ਆਪਣੇ ਆਪ ਕਮਾ ਕੇ
ਸੰਗਤ ਨੂੰ ਚਮਕਾਇਆ ਗਲ ਵਿਚ ਹਾਰ ਸ਼ਹੀਦੀ ਪਾ ਕੇ
ਚੰਦੂ ਦਾ ਮਨ ਚੰਦਰਾ ਹੈਸੀ ਸਖਣਾ ਸਖਣਾ ਕੋਰਾ
ਗੁਰੂ ਘਰ ਦੀ ਅਜ਼ਮਤ ਤਾਈਂ ਜਾਣ ਨ ਸਕਿਆ ਭੋਰਾ
ਹਉਮੈ ਤੇ ਹੰਕਾਰ ਦਾ ਭੰਨਿਆ ਅੰਨ੍ਹਾ ਹੋ ਗਿਆ ਸਾਰਾ
ਗੁਰੂ ਘਰ ਨੂੰ ਮੋਰੀ ਕਹਿਆ, ਬਣਿਆ ਆਪ ਚੁਬਾਰਾ
ਫਲਾਂ ਲਦੇ ਡਾਲ ਸਦਾ ਹੀ ਨਿਉਂਦੇ ਤੇ ਨੇ ਝੁਕਦੇ
ਉਚੇ ਰੜਿਆਂ ਉਤੇ ਰੱਬੀ ਮੇਹਰ ਦੇ ਮੀਂਹ ਨ ਰੁਕਦੇ
ਇਹ ਨੁਕਤਾ ਸੰਗਤ ਦਾ ਪਲੇ ਗੁਰੂ ਅਰਜਨ ਜੀ ਪਾਇਆ
ਕੁਰਬਾਨੀ ਦੀ ਜੋਤਿ ਜਗਾ ਕੇ ਸੰਗਤ ਨੂੰ ਰੁਸ਼ਨਾਇਆ

ਵੱਧਦੀ ਸੋਭਾ ਗੁਰੂ ਅਰਜਨ ਦੀ ਜਹਾਂਗੀਰ ਨੂੰ ਚੁੱਭੀ
ਫਲਦੀ ਫੁਲਦੀ ਸਿੱਖੀ ਦੀ ਫੁਲਵਾੜੀ ਸੀਨੇ ਖੁਭੀ
ਕੋਈ ਬਹਾਨਾ ਢੂੰਡ ਰਿਹਾ ਉਹ ਖਤਮ ਕਰਨ ਲਈ ਸਿੱਖੀ
ਇਹ ਗੱਲ ਤੋਜ਼ਕੇ ਜਹਾਂਗੀਰੀ ਵਿਚ ਆਪ ਉਸ ਨੇ ਲਿਖੀ
"ਧਰਮ ਇਸ ਅਰਜਨ ਮਲ ਦਾ ਵੱਧ ਰਿਹੈ ਰੋਜ਼ ਦਿਹਾੜੀ
ਹਿੰਦੂ ਤੇ ਮੁਸਲਮਾਨਾਂ ਅੰਦਰ ਅਸਰ ਹੋ ਰਿਹਾ ਭਾਰੀ
ਖੁਸਰੋ ਨੂੰ ਇਸ ਤਿਲਕ ਲਗਾਇਆ ਨਾਲ ਥਾਪੜੀ ਮਾਰੀ
ਰਾਜ-ਧਰੋਹੀ ਨੂੰ ਇਸ ਦਿਤੀ ਹੋਰ ਮਦਦ ਵੀ ਭਾਰੀ
ਬਾਗੀ ਦੇ ਨਾਲ ਮਿਲ ਕੇ ਚਲਣਾ ਹੈ ਬਗ਼ਾਵਤ ਪੱਕੀ
ਬਾਗੀਪੁਣੇ ਦੀ ਇਸ ਦੇ ਅੰਦਰ ਬੋ ਪਨੱਪਦੀ ਤਕੀ
ਇਸ ਲਈ ਨਾਲ ਤਸੀਹੇ ਇਸਨੂੰ ਮੈਂ ਮਰਵਾਣਾ ਚਾਹਿਆ
ਮੁਰਤਜ਼ਾ ਖ਼ਾਨ ਦੇ ਤਾਈਂ ਮੈਂ ਇਹ ਹੁਕਮ ਸੁਣਾਇਆ"
ਮੌਕਾ ਮਿਲ ਗਿਆ ਚੰਦੂ ਨੂੰ ਵੀ ਕਰ ਲਈ ਉਸ ਤਿਆਰੀ
ਗੁਰੂ ਅਰਜਨ ਨੂੰ ਦੇਵਣ ਲਗਾ ਦੁਖ ਤਸੀਹੇ ਭਾਰੀ
ਕੋਮਲ ਦੇਹੀ ਕੂਲੀ ਪੱਟ ਤੋਂ ਨਰਮ ਰੇਸ਼ਮ ਤੋਂ ਸੋਹਣੀ
ਮਸਤਕ ਉਤੇ ਨੂਰ ਗ਼ਜ਼ਬ ਦਾ, ਸੂਰਤ ਮਨ ਨੂੰ ਮੋਹਣੀ
ਮਿਠੇ ਮਿਠੇ ਬੋਲ ਸਰੂਰੇ, ਜਿਉਂ ਮਿਸ਼ਰੀ ਦੀਆਂ ਡਲੀਆਂ
ਬੁਲ੍ਹਾਂ ਤੇ ਮੁਸਕਾਨਾਂ ਖਿੜੀਆਂ, ਜਿਉਂ ਚੰਬੇ ਦੀਆਂ ਕਲੀਆਂ

---

❋ਆਉਂਦੀ ਹੈ। ਪੰਦਰਵੀਂ ਅਸ਼ਟਪਦੀ ਦੀ ਇਹ ਆਖ਼ਰੀ ਪਉੜੀ ਇਉਂ ਹੈ—

ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥

ਸੋ ਐਸੇ ਉਤਮ ਗੁਣਾਂ ਵਾਲੇ ਭਗਤ ਜਨ ਦੇ ਹਿਰਦੇ ਵਿਚ ਅੰਮ੍ਰਿਤ ਨਾਮ, ਜੋ ਕਿ ਸੁਖਾਂ ਦੀ ਮਣੀ ਹੈ, ਦਾ ਵਾਸਾ ਹੁੰਦਾ ਹੈ।

ਸਾਰੀ ਵਿਚਾਰ ਤੋਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਸ੍ਰੀ ਸੁਖਮਨੀ ਸਾਂਹਿਬ ਪ੍ਰਾਣੀ ਨੂੰ 'ਵਾਹਿਗੁਰੂ-ਨਾਮੁ' ਨਾਲ ਜੋੜਨ ਵਾਲੀ ਅਤੇ ਸੁਖ-ਸ਼ਾਂਤੀ ਵਰਤਾਣ ਵਾਲੀ, ਤਪੇ ਹਿਰਦਿਆਂ ਨੂੰ ਠਾਰਨ ਵਾਲੀ ਬਾਣੀ ਹੈ।



www.AKJ.Org

ਸੂਰਜ ਤਪਿਆ ਲੂਹੇ ਧਰਤੀ, ਵਰ੍ਹਦੇ ਅੱਗ ਦੇ ਬੁਲ੍ਹੇ
ਅੰਬਰ ਧਰਤੀ ਇਕ ਮਿਕ ਹੋਏ, ਜਿਉਂ ਭਖਦੇ ਹੋਏ ਚੁਲ੍ਹੇ

ਦੇਗ ਉਬਲਦੀ ਪਾਣੀ ਬੋਲੇ, ਜਿਉਂ ਇੰਜਣ ਦੀਆਂ ਸੂਕਾਂ
ਇਨ੍ਹਾਂ ਸ਼ੂਕਾਂ ਦੀ ਸ਼ਾਂ ਸ਼ਾਂ ਵਿਚੋਂ, ਨਿਕਲਣ ਪਈਆਂ ਹੂਕਾਂ
ਇਹ ਹੂਕਾਂ ਕੋਈ ਦਰਦ ਸਨੇਹੜਾ, ਦੇ ਰਹੀਆਂ ਉਠ ਉਠ ਕੇ
ਬਿਰਹੁੰ ਕੁੱਠਾ ਕਰੇ ਜੋਦੜੀਆਂ, ਆ ਜਾ ਸਾਈਂ ਤਰੁਠ ਕੇ

ਲਗ ਕੇ ਗਲੇ ਸਮਾਧੀ ਲਾਈ ਗੁਰੂ ਅਰਜਨ ਜੀ ਪਿਆਰੇ
ਫੁਲ ਕੰਵਲ ਦ ਅੰਦਰ ਜਿਵੇਂ ਭੌਰਾ ਚੌਕੜੀ ਮਾਰੇ

ਬਦਲਿਆ ਹੂਕਾਂ ਰੰਗ ਸਿਦਕ ਦਾ ਚਮਕਾ ਮਾਰਨ ਲਗਾ
ਸਹਿਨਸ਼ੀਲਤਾ ਵਿਚ ਗੜੂੰਦਿਆ ਰੂਪ ਨਿਖਾਰਨ ਲਗਾ
ਬੇਹਬਲ ਨੂੰਹ ਚੰਦੂ ਦੀ ਲੁਛਦੀ ਬੋਲ ਉਠੀ ਇਉਂ ਉਚੀ
ਰਾਜ ਐਸੇ ਨੂੰ ਪਛੀ ਲਾਵਾਂ ਉਲਟੀ ਜਿਸਦੀ ਰੁਚੀ
ਹਿੰਮਤ ਬਲ ਤੇ ਕਰਨੀ ਹੁੰਦਿਆਂ ਚੁਪ ਤੁਸਾਂ ਕਿਉਂ ਧਾਰੀ
ਰਹਿਮਤ ਕਰ ਕੇ ਪਿਤਾ ਪਿਆਰੇ ਖੋਲ੍ਹੋ ਭਰਮ ਪਟਾਰੀ
ਸ਼ਾਂਤੀ ਪੁੰਜ ਪ੍ਰੀਤਮ ਜੀ ਕਹਿੰਦੇ, ਇਹ ਹੈ ਹੁਕਮ ਵਿਧਾਤਾ
ਸੇਵਕ ਸੱਚਾ ਉਹੀ ਖਸਮ ਦਾ ਜਿਸ ਨੇ ਹੁਕਮ ਪਛਾਤਾ
ਹੁਕਮ ਦੇ ਅੰਦਰ ਬਧੀ ਹਰ ਸ਼ੈ ਇਸ ਜਗਤ ਦੀ ਸਾਰੀ
ਸੋਝੀ ਹੁਕਮ ਦੀ ਆਈ ਜਿਨ੍ਹਾਂ ਨੂੰ ਉਨ੍ਹਾਂ ਹਉਮੈ ਨਿਵਾਰੀ
ਜੁਸੇ ਉਤੇ ਛਾਲੇ ਉਭਰੇ ਮੋਤੀਆਂ ਵਾਂਗੂ ਚਮਕਣ
ਜ਼ਰ੍ਹੇ ਰੇਤ ਦੇ ਸੂਹੇ ਸੂਹੇ ਹੀਰਿਆਂ ਵਾਂਗੂ ਦਮਕਣ
ਉਠ ਖੜੋਤਾ ਹੁਜਰੇ ਵਿਚੋਂ ਮੀਆਂ ਮੀਰ ਪਿਆਰਾ
ਗੁਸੇ ਅੰਦਰ ਤੜਪੇ ਨਚੇ ਜਿਉਂਕਰ ਕੱਚਾ ਪਾਰਾ
ਮੈਥੋਂ ਵੇਖੀ ਜਾਏ ਨ ਹਾਲਤ, ਸੁਣੋ ਮੇਰੇ ਵਿਧਾਤਾ
ਲਿਖਣਹਾਰਾ ਲੇਖ ਜਗਤ ਦੇ ਬੈਠਾ ਚੁਪ ਚੁਪਾਤਾ
ਤਵੀ ਲਾਲ ਅਗਨ ਦੀ ਚਾਦਰ ਸੂਹੀ ਲਹੂ ਤੋਂ ਭਾਰੀ
ਕੁਦਰਤ ਦੀ ਵੀ ਨਜ਼ਰ ਨ ਉਠੇ ਵੇਖ ਵੇਖ ਕੇ ਹਾਰੀ
ਸਾੜੀ ਜਾਵਨ ਅੱਗ ਦੀ ਲਹਿਰਾਂ ਮੈਂ ਇਹ ਸਹਿ ਨਹੀਂ ਸਕਦਾ
ਨਾਗ ਸ਼ੂਕਦੇ ਅੱਗ ਦੇ ਜ਼ਹਿਰੀ ਤਕ ਕੇ ਰਹਿ ਨਹੀਂ ਸਕਦਾ
ਆਪ ਦੀ ਮੇਹਰ ਅਨਾਇਤ ਸਦਕਾ ਸ਼ਕਤੀ ਐਸੀ ਰਖਾਂ
ਇਕ ਇਸ਼ਾਰੇ ਨਾਲ ਉਠਾਵਾਂ ਹਰ ਸ਼ੈ ਵਾਂਗੂ ਕਖਾਂ

ਹੁਕਮ ਦਿਉ ਤਾਂ ਉਲਟ ਦਿਆਂ ਮੈਂ ਮੁਗਲ ਰਾਜ ਦਾ ਤਖ਼ਤਾ
ਇਕ ਚੁਟਕੀ ਵਿਚ ਵੱਢ ਦਿਆਂ ਮੈਂ ਸਭਨਾਂ ਦਾ ਹੀ ਫਸਤਾ

ਕਾਲ ਮੈਂ ਆਪਣੀ ਮੁੱਠੀ ਅੰਦਰ ਰਖਿਆ ਹੈ ਵੱਸ ਕੀਤਾ
ਦਿੱਲੀ ਤੇ ਲਾਹੌਰ ਦੁਹਾਂ ਦਾ ਕਰ ਦਿਆਂ ਫੀਤਾ ਫੀਤਾ

ਵੇਖ ਫਕੀਰ ਦਾ ਗਿਰਦਾ ਤਪਿਆ ਸ਼ਾਂਤੀ-ਪੁੰਜ ਜੀ ਬੋਲੇ
ਫੁਲਾਂ ਵਾਂਗੂ ਕੋਮਲ ਪਿਆਰੇ ਬਚਨ ਮਿਸਰੀ ਘੋਲੇ

ਰਾਜ਼ੀ ਸਦਾ ਰਜ਼ਾ ਦੇ ਅੰਦਰ ਫ਼ਕਰ ਸਾਈਂ ਜੀ ਰਹਿੰਦੇ
ਸਬਰ ਸ਼ੁਕਰ ਦੀ ਗੰਗਾ ਜਮਨ ਵਿਚ ਤਾਰੀਆਂ ਸਦਾ ਹੀ ਲੈਂਦੇ

ਦੇਗ ਉਬਲਦੀ ਅੰਦਰ ਅਸਾਂ ਮਾਣਿਆ ਸੁਖ ਰਬਾਣਾ
ਰੇਤ ਦੇ ਕੜਛੇ ਨਹੀਂ ਸਾਈਂ ਜੀ, ਇਹ ਹੈ ਛਤਰ ਸੁਹਾਣਾ
ਤਵੀ ਬਣੀ ਏ ਸੇਜ ਸੁਖਾਵੀਂ, ਜਿਉਂ ਸੁੰਦਰ ਪਸ਼ਮੀਨਾ
ਸਿਖੀ ਛਾਪ 'ਚ ਕੁਰਬਾਨੀ ਦਾ, ਜੜਨਾ ਅਸਾਂ ਨਗੀਨਾ
ਚਮਕਾਂ ਇਸਦੀਆਂ ਅਰਸ਼ ਫ਼ਰਸ਼ ਤੇ ਮਾਰਨ ਉਹ ਲਿਸ਼ਕਾਰੇ
ਕਿ ਆਵਣ ਵਾਲੀਆਂ ਨਸਲਾਂ ਵੀ, ਲੈਂਦੀਆਂ ਰਹਿਣ ਹੁਲਾਰੇ
ਛਾਲਿਆਂ ਵਿਚੋਂ ਵਗਦਾ ਹੋਇਆ, ਇਹ ਪਾਣੀ ਜੋ ਦਿਸੇ
ਰੱਬ ਦੀ ਰਹਿਮਤ ਦਾ ਇਕ ਝਰਨਾ, ਵਿਚ ਮਗਨਤਾ ਰਿਸੇ
ਨਹੀਂ ਕੋਈ ਪੀੜ ਦਰਦ ਸੀਨੇ ਵਿਚ, ਹੈ ਤੇ ਹੈ ਸ਼ੁਕਰਾਨਾ
ਅਠੇ ਪਹਿਰ ਹੀ ਗੂੰਜ ਰਿਹਾ ਏ, ਮਨ ਵਿਚ ਇਹੋ ਤਰਾਨਾ
ਨਾਲ ਰਜ਼ਾ ਪ੍ਰਭੂ ਦੀ ਚਲਣਾ, ਸਦਾ ਹੁਕਮ ਵਿਚ ਰਹਿਣਾ
ਮਿਠਾ ਕਰਕੇ ਭਾਣਾ ਮੰਨਣਾ, ਗੁਰੂ ਨਾਨਕ ਦਾ ਕਹਿਣਾ
ਮੁੰਦ ਗਏ ਨੈਣ ਤੇ ਢਹਿ ਪਿਆ ਚਰਨੀ, ਆਖੇ ਪਿਤਾ ਪਿਆਰੇ
ਧੰਨ ਹੈ ਧੰਨ ਹੈ ਧੰਨ ਕਮਾਈ, ਵਾਰ ਵਾਰ ਹਾਂ ਵਾਰੇ
ਹੁੰਦੇ ਤਾਣ ਨਿਤਾਣਾ ਹੋਣਾ, ਤੇਰੀ ਹੈ ਵਡਿਆਈ
ਜਿੰਦੜੀ ਉਤਰ ਸਹਿ ਜਬਰ ਨੂੰ, ਦਿਤੀ ਹੈ ਰੁਸ਼ਨਾਈ
ਕੁਲ ਬ੍ਰਹਿਮੰਡ ਦੇ ਅੰਦਰ ਰਹਿਸੀ ਇਸਦੀ ਲੋ ਹਮੇਸ਼ਾ
ਜੁਗਾਂ ਜੁਗਾਂ ਤਕ ਮਿਲਦੀ ਰਹਿਸੀ ਸਿਦਕ ਦੀ ਸੋ ਹਮੇਸ਼ਾ
ਇਸੇ ਤਰ੍ਹਾਂ ਹੀ ਪੰਚਮ ਸਤਿਗੁਰ ਅੰਤ ਸ਼ਹੀਦੀ ਪਾਈ
'ਨੀਰ' ਸਦਾ ਲਈ ਜਗਤ ਦੇ ਅੰਦਰ ਜੋਤਿ ਅਬੁਝ ਜਗਾਈ

* *
*



www.AKJ.Org

# ਸਤਿ 'ਪਦ' ਦਾ ਨਿਰਣਾ

ੴ ਸਤਿ

੧ਓ ਉਪਰੰਤ ਜੋ ਪਹਿਲਾ ਪਦ ਮੂਲ ਮੰਤ੍ਰ ਵਿਚ ਆਇਆ ਹੈ, ਉਹ **ਸਤਿ** ਹੈ।

ਸਤਿ ਜਾਂ ਸੱਚ, ਜੋ ਮਨੁਖ ਦੀ ਜੀਵਨ ਕਲਾ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰਦਾ ਹੈ।

**ਸਤਿ** ਪਦ ਅਸਲ ਵਿੱਚ "੧" ਦਾ ਟੀਕਾ ਹੈ, ਅਥਵਾ, ਅਕਾਲ ਪੁਰਖ ਦਾ ਦੂਜਾ ਨਾਂ ਹੈ।

ਗੁਰੂ ਸਾਹਿਬ ਮੂਲ (ਮੰਤਰ) ਮੰਤ੍ਰ ਉਪਰੰਤ ਜੋ ਕਿਸੇ ਸ਼ਬਦ ਰਾਹੀਂ ਅਕਾਲ ਪੁਰਖ ਦੀ ਵਿਆਖਿਆ ਅਥਵਾ ਪ੍ਰਸੰਸਾ ਕਰਦੇ ਹਨ ਤਾਂ ਉਹ "**ਸਤਿ**" ਜਾ ਸੱਚ ਹੀ ਹੈ।

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"

ਉਪਰੋਕਤ ਸਿਫ਼ਤ ਵਾਲੀ ਹਸਤੀ ਇਕ, ਕੇਵਲ ਇਕ ਹੈ, ਜਿਸ ਨੂੰ ਗੁਰਦੇਵ ਨੇ ਆਦਿ ਵਿਚ ੴ ਕਰਕੇ ਲਖਾਇਆ ਹੈ। ਜਿਸ ਤਰ੍ਹਾਂ ੴ ਤੇ **ਸਤਿ** ਅਭੇਦ ਹਨ, ਜਿਵੇਂ ੴ ਕਦੀ ਪੁਰਾਣਾ ਨਹੀਂ ਹੁੰਦਾ, ਤਿਵੇਂ **ਸਤਿ** ਜੋ ਉਸ ਦਾ ਸਰੂਪ ਹੈ, ਕਦੀ ਪੁਰਾਣਾ ਨਹੀਂ ਥੀਂਦਾ। ਇਸ ਹਕੀਕਤ ਨੂੰ ਗੁਰੂ ਜੀ ਨੇ ਇਉਂ ਕਲਮ-ਬੰਦ ਕੀਤਾ ਹੈ :— ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥੧॥੧੯॥ (ਪੰਨਾ ੯੫੫)

ਇੰਗਲੈਂਡ ਦਾ ਪਰਸਿਧ ਨੇਤਰਹੀਣ ਕਵੀ ਮਿਲਟਨ (Milton) ਇਉਂ ਕਹਿੰਦਾ ਹੈ—

Truth is as impossible to be soiled by an outward touch as the sun-beam.

ਭਾਵ ਜਿਵੇਂ ਸੂਰਜ ਦੀ ਕਿਰਨ 'ਤੇ ਬਾਹਰੀ ਛੋਹ ਦਾ ਕੋਈ ਅਸਰ ਨਹੀਂ ਹੁੰਦਾ, ਉਸੇ ਤਰ੍ਹਾਂ 'ਸੱਚ' ਨੂੰ ਕੋਈ ਆਂਚ ਨਹੀਂ ਆ ਸਕਦੀ

ਇਵੇਂ ਹੀ Shakspear ਕਹਿੰਦਾ ਹੈ—

Truth is Truth to the end of reckoning ਭਾਵ—ਸੱਚ ਅਖ਼ੀਰ ਤੱਕ ਸੱਚ ਹੀ ਰਹਿੰਦਾ ਹੈ।

ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥੨੦॥ [ਪੰਨਾ ੧੦੮੩

ਆਸਤਕ ਜਗਤ ਦੇ ਸਮੂਹ ਮਤ ਸੰਚਾਲਕਾਂ ਤੇ ਦਾਨਿਆਂ ਪੁਰਸ਼ਾਂ ਦਾ ਅਕਾਲ ਪੁਰਖਾ ਬਾਰੇ ਹੋਰ ਕਿਸੇ ਨੁਕਤੇ ਉਤੇ ਭਾਵੇਂ ਮਤਭੇਦ ਹੋਵੇ, ਪਰੰਤੂ ਇਸ ਗੱਲ ਉਤੇ ਸਾਰੇ ਸਹਿਮਤ ਹਨ ਕਿ ਉਹ (ਪ੍ਰਮਾਤਮਾ) **ਸਤਿ** ਹੈ, ਅਥਵਾ ਹੋਂਦ ਵਾਲਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨਾ-ਕੇਵਲ ਸੱਚ ਨੂੰ ਇਤਨਾ ਬੁਲੰਦ ਰੁਤਬਾ ਦੇਂਦੇ ਹਨ, ਸਗੋਂ ਹਰ ਸਮੇ ਹਰਿ ਹਾਲਤ ਵਿਚ **ਸੱਚ** ਬੋਲਣ ਵਾਲਿਆਂ ਤੋਂ ਬਲ ਬਲ ਸਦ-ਵਾਰਨੇ ਵੀ ਜਾਂਦੇ ਹਨ।

**ਸਤਿ** ਪਦ ਨੂੰ ੧ਓ ਤੋਂ ਬਾਅਦ ਮੂਲ ਮੰਤ੍ਰ ਵਿਚ ਉਹ ਅਸਥਾਨ ਪ੍ਰਾਪਤ ਹੈ, ਜੋ ਅਕਾਲ ਪੁਰਖ ਨਾਲ ਸੰਬੰਧਤ ਹੈ, ਹੋਰ ਕਿਸੇ ਪਦ ਨੂੰ ਨਹੀਂ।

| | |
|---|---|
| (੧) ਪੂਰਾ ਮੂਲ ਮੰਤ੍ਰ ੴ ਸਤਿ.....ਗੁਰ ਪ੍ਰਸਾਦਿ | ੩੩ ਵੇਰ |
| (੨) ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ | ੮ ਵੇਰ |
| (੩) ੴ ਸਤਿ ਨਾਮੁ ਗੁਰ ਪ੍ਰਸਾਦਿ | ੨ ਵੇਰ |
| (੪) ੧ਓ ਸਤਿ ਗੁਰ ਪ੍ਰਸਾਦਿ | ੫੨੩ ਵੇਰ |

ਇਹਨਾਂ ਸਾਰਿਆਂ ਮੰਗਲਾਂ ਵਿਚ ਸਪੱਸ਼ਟ ਤੌਰ ਤੇ **ਸਤਿ** ਦਾ ਸੰਬੰਧ ੴ ਨਾਲ ਹੈ। ਵਾਸਤਵ ਵਿਚ ਇਥੇ ੧, ਓ, ਤੇ **ਸਤਿ** ਤਿੰਨੇ ਪਦ ਸਮਾਨ-ਅਰਥ ਰਖਦੇ ਹਨ, ਪਰੰਤੂ ਆਪਣੀ ਜਾਤ ਵਿਚ ਸੁਤੰਤਰ ਭੀ ਹਨ। ਇਥੇ **੧** ਤੇ **ਸਤਿ** ਅਕਾਲ ਪੁਰਖ ਦੇ ਵਾਚਕ ਹਨ, ਪਰੰਤੂ ਬਾਣੀ ਵਿਚ ਕਈ ਵੇਰ ਬਤੌਰ ਵਿਸ਼ੇਸ਼ਣ ਦੇ ਭੀ ਵਰਤੇ ਗਏ ਹਨ। ਜਿਵੇਂ ਮੂਲ ਮੰਤ੍ਰ ਜਪੁਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁਢ ਹੈ, ਏਸੇ ਤਰ੍ਹਾਂ ੴ, ਸਤਿ, ਤੇ ਨਾਮ ਦਾ ਸਮਦਾਇ ਵੀ ਮੂਲ ਮੰਤ੍ਰ ਦਾ ਮੁਢ ਹੈ।

ਇਹ ਵੀਚਾਰ ਪੁਸਤਕ "ਸ੍ਰੀ ਗੁਰੂ ਨਾਨਕ ਬਾਣੀ ਅੰਕ" ਜੋ ਕਿ ਸ੍ਰੀ ਗੁਰੂ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਤੇ ਛਾਪੀ ਗਈ ਸੀ, ਵਿਚੋਂ ਮਿਲੇ ਹਨ।

ਇਸ ਤੋਂ ਇਹ ਸਿਧ ਹੋ ਗਿਆ ਕਿ ਚੌਥੀ ਕਿਸਮ ਦੇ ਮੂਲ ਮੰਤ੍ਰ ਵਿਚ **ਸਤਿ** ਵਖਰਾ ਹੈ ਅਤੇ ਗੁਰ ਪ੍ਰਸਾਦਿ ਵਖਰਾ।

ਆਪ ਜੀ ਨੇ ਇਹ ਖ਼ਿਆਲ ਪ੍ਰਗਟ ਕਰ ਕੇ ਬੜਾ ਉਪਕਾਰ ਕੀਤਾ ਹੈ, ਜਿਸ ਕਰਕੇ ਦਾਸ ਵਰਗੇ ਮੂਰਖ ਅਗਿਆਨੀ ਨੂੰ ਖੋਜ ਕਰਨ ਦਾ ਅਵਸਰ ਬਖਸ਼ਿਆ ਹੈ। ਦਾਸਰਾ—ਹਰਚਰਨ ਸਿੰਘ, ਅੰਬਾਲਾ ਛਾਉਣੀ

www.AKJ.Org

# ਸਿਖ ਦਾ ਧਰਮ-ਨਿਰਪੇਖਤਾ ਦੇ ਵਿਚਾਰਾਂ ਨਾਲ ਨਾਤਾ

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਸਿਖ ਧਰਮ ਉਦਮੀ ਜੀਵਨ ਦਾ ਉਪਦੇਸ਼ ਕਰਦਾ ਹੈ। ਇਹ ਉਦਮੀ ਜੀਵਨ ਸਮਾਜ ਨਾਲੋਂ ਟੁਟ ਕੇ ਇਕਾਂਤ ਵਾਲਾ ਜੀਵਨ ਨਹੀਂ, ਸਗੋਂ ਐਸਾ ਜੀਵਨ ਹੈ ਜਿਸ ਦਾ ਗ੍ਰਿਹਸਤ ਤੇ ਸਮਾਜ ਨਾਲ ਡੂੰਘਾ ਸੰਬੰਧ ਹੈ। ਐਸੇ ਜੀਵਨ ਦੁਆਰਾ ਹਰ ਕੋਈ ਸਮਾਜ ਦੀ ਉਨਤੀ ਲਈ ਆਪਣਾ ਹਿੱਸਾ ਪਾਉਂਦਾ ਹੈ। ਸਿਖ ਧਰਮ ਵਿਚ ਸੰਸਾਰਕ ਜੀਵਨ ਦੇ ਤਿਆਗ ਨੂੰ ਕੋਈ ਥਾਂ ਨਹੀਂ। ਹਰ ਸਿਖ ਲਈ ਆਪਣੀ ਉਪਜੀਵਕਾ ਵਾਸਤੇ ਕਿਰਤ ਕਰਨੀ ਜ਼ਰੂਰੀ ਹੈ। ਉਹ ਸਮਾਜ ਤੇ ਬੋਝ ਬਣ ਕੇ ਨਹੀਂ ਰਹਿ ਸਕਦਾ। ਸਿਖ ਮਤ ਨੇਕ ਕਮਾਈ, ਭਾਵ ਧਰਮ ਦੀ ਕਿਰਤ ਕਰਨ ਉਤੇ ਜ਼ੋਰ ਦੇਂਦਾ ਹੈ। ਸੰਸਾਰਕ ਕਾਰ-ਵਿਹਾਰ ਕਰਦੇ ਹੋਇਆਂ ਹੀ ਪਰਮ ਸੱਚ ਦੀ ਖੋਜ ਕਰਨੀ ਹੈ। ਸਿਖ ਨੇ ਤਾਂ ਦੂਜਿਆਂ ਲਈ ਮਿਸਾਲ ਪੇਸ਼ ਕਰਨੀ ਹੈ। ਭਾਵੇਂ ਉਹ ਕਿਸਾਨ ਹੈ, ਵਪਾਰੀ ਜਾਂ ਲੋਕ-ਸੇਵਕ, ਉਸ ਨੇ ਹੋਰਾਂ ਕੋਲੋਂ ਚੰਗਾ ਬਣ ਕੇ ਵਿਖਾਣਾ ਹੈ। ਉਸ ਨੂੰ ਪਦਾਰਥਕ ਲਾਭਾਂ ਜਾਂ ਜੀਵਨ ਦੇ ਸੁਖਾਂ ਦਾ ਤਿਆਗ ਕਰਨ ਦੀ ਵੀ ਲੋੜ ਨਹੀਂ। ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ—

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

[ਗੂਜਰੀ ਕੀ ਵਾਰ, ਪੰਨਾ ੫੨੨

ਸਿਖ ਧਰਮ ਮਨੁਖ ਦੀਆਂ ਸਮਾਜਕ ਜ਼ਿਮੇਵਾਰੀਆਂ ਉਤੇ ਜ਼ੋਰ ਦੇਂਦਾ ਹੈ। ਮਨੁਖ ਸਮਾਜ ਦਾ ਇਕ ਅੰਗ ਹੈ ਤੇ ਸਿਖ ਨੇ ਇਸ ਦੇ ਸੁਧਾਰ ਵਾਸਤੇ ਕੰਮ ਕਰਨਾ ਹੈ। ਇਹੋ ਕਾਰਨ ਹੈ ਕਿ ਗੁਰੂ ਸਾਹਿਬਾਨ ਦੀ ਸਿਖਿਆ ਵਿਚ ਸਮਾਜ-ਸੁਧਾਰ ਤੇ ਬਹੁਤ ਜ਼ੋਰ ਦਿਤਾ ਗਿਆ ਹੈ। ਗੁਰੂ ਸਾਹਿਬਾਨ ਨੇ ਜ਼ਾਤ ਪਾਤ, ਛੂਤ ਛਾਤ, ਇਸਤ੍ਰੀ ਜਾਤੀ ਵਿਰੁਧ ਪਾਬੰਦੀਆਂ, ਸ਼ਗਨ ਤੇ ਆਪ-ਸ਼ਗਨ, ਮੜ੍ਹੀਆਂ ਸਮਾਧਾਂ ਤੇ ਬੁੱਤਾਂ ਦੀ ਪੂਜਾ ਆਦਿ ਦਾ ਖੰਡਨ ਕੀਤਾ ਹੈ। ਸਿਖ ਧਰਮ ਮਨੁਖ ਮਾਤਰ ਨੂੰ ਬਰਾਬਰ ਦਾ ਦਰਜਾ ਦੇਣ ਵਿਚ ਵਿਸ਼ਵਾਸ ਰਖਦਾ ਹੈ। ਲੰਗਰ ਦੀ ਸੰਸਥਾ, ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣਾ, ਅੰਤਰ ਜਾਤੀ ਵਿਆਹ ਸ਼ਾਦੀਆਂ ਅਤੇ ਵਖ਼ ਵਖ ਧਰਮਾਂ ਤੇ ਕੌਮਾਂ ਦੇ ਲੋਕਾਂ ਨਾਲ ਬਰਾਬਰੀ ਦੇ ਪਧਰ ਤੇ ਮੇਲ-ਮਿਲਾਪ, ਇਸ ਗੱਲ ਦਾ ਅਮਲੀ ਰੂਪ ਵਿਚ ਪਰਤੱਖ ਪ੍ਰਮਾਣ ਹਨ। ਜਿਵੇਂ ਕਿ ਡਾਕਟਰ ਗੋਕਲ ਚੰਦ ਨਾਰੰਗ ਨੇ ਕਿਹਾ ਹੈ: "ਗੁਰੂ ਨਾਨਕ (ਦੇਵ ਜੀ) ਦਾ ਆਗਮਨ ਸਾਂਝੀ ਕੌਮੀਅਤ ਦੀ ਚੇਤਨਤਾ ਨੂੰ ਉਜਾਗਰ ਕਰਨ ਵਲ ਇਕ ਵਡਾ ਕਦਮ ਸੀ।"

ਸਿਖ ਧਰਮ ਇਸ ਗੱਲ ਨੂੰ ਮਹੱਤਤਾ ਦੇਂਦਾ ਹੈ ਕਿ ਇਕ ਸ਼ਹਿਰੀ ਹੋਣ ਦੇ ਨਾਤੇ ਸਿਖ, ਸਮੁਚੀ ਕੌਮ ਦੀ ਸੇਵਾ ਕਰੇ। ਸਿਖ ਦੀ ਸਿਰੀ ਸਾਹਿਬ ਕੇਵਲ ਉਸ ਦੀ ਆਪਣੀ ਰੱਖਿਆ ਲਈ ਹੀ ਨਹੀਂ, ਸਗੋਂ ਹਰੇਕ ਜ਼ੁਲਮ ਦਾ ਸ਼ਿਕਾਰ ਹੋ ਰਹੇ ਪ੍ਰਾਣੀ ਲਈ ਹੈ। ਔਰੰਗਜ਼ੇਬ ਦੇ ਤਅੱਸਬੀ ਜਹਾਦ ਤੋਂ ਹਿੰਦੂ ਧਰਮ ਨੂੰ ਸੁਰੱਖਿਅਤ ਕਰਨ ਲਈ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਧਾਰਮਕ ਸੁਤੰਤਰਤਾ ਦੇ ਹੱਕ ਦਾ ਇਕ ਹੋਰ ਪੱਖ ਹੈ, ਜੋ ਕਿ ਧਰਮ-ਨਿਰਪਖ ਸਮਾਜ ਵਿਚ ਬਹੁਤ ਜ਼ਰੂਰੀ ਹੈ। ਧਰਮ-ਨਿਰਪਖਤਾ ਦਾ ਭਾਵ ਹੈ ਸਭ ਧਰਮਾਂ ਦੀ ਸਮਾਨਤਾ, ਬਹੁਗਿਣਤੀ ਦੇ ਧਰਮ ਦਾ ਕੋਈ ਉਚੇਚਾ ਲਿਹਾਜ਼ ਨਾ ਕਰਨਾ। ਨਾਲ ਹੀ ਇਹ ਵੀ ਕਿ ਕਿਸੇ ਵੀ ਧਰਮ ਨੂੰ ਰਾਜ-ਧਰਮ ਨਾ ਥਾਪਿਆ ਜਾਏ।

ਸੋ, ਸਿਖ ਧਰਮ ਵਿਚ ਵਿਸ਼ਵਾਸ ਰਖਣਾ ਧਰਮ-ਨਿਰਪਖ ਲੋਕ-ਰਾਜ ਦੇ ਆਦਰਸ਼ ਦੇ ਅਨੁਕੂਲ ਹੈ।

["ਗੁਰਸਿੱਖੀ ਕੀ ਹੈ" ਪੁਸਤਕ ਵਿਚੋਂ

---

## ਖਾਲਸਾ ਜੀ ਪਾਸ ਚੰਦੇ ਜਮ੍ਹਾ ਕਰਾਓ

ਸਮਾਗਮਾਂ ਸਮੇਂ ਭਾਈ ਬਲਵੰਤ ਸਿੰਘ ਜੀ ਖਾਲਸਾ ਕਾਂਸ਼ੀ ਨਗਰੀ ਫੀਰੋਜ਼ਪੁਰ ਸ਼ਹਿਰ ਪਾਸੋਂ ਯੋਗ ਰੇਟਾਂ ਤੇ ਕਕਾਰ ਖਰੀਦੋ ਅਤੇ 'ਸੂਰਾ' ਮਾਸਕ ਪੱਤਰ ਦੇ ਚੰਦੇ ਅਤੇ ੭੮ ਵੈਸਾਖੀ ਦੇ ਸ਼ਹੀਦੀ ਅਸਥਾਨ ਲਈ ਰਕਮਾਂ ਜਮ੍ਹਾ ਕਰਾ ਕੇ ਰਸੀਦਾਂ ਪ੍ਰਾਪਤ ਕਰੋ ਜੀ।

www.AKJ.Org

# ਯਾਦ ਰਖ਼ਣ ਯੋਗ

੧. ਅਰਦਾਸੀਆ ਭਾਵੇਂ ਸੰਗਤ ਵਲੋਂ ਅਰਦਾਸ ਕਰ ਰਹਿਆ ਹੋਵੇ ਅਤੇ ਭਾਵੇਂ ਮੱਥਾ ਟੇਕਣ ਤੋਂ ਪਹਿਲੋਂ ਆਪਣੀ ਨਿਜੀ ਅਰਦਾਸ ਕਰ ਰਿਹਾ ਹੋਵੇ, ਉਸ ਦੇ ਅੱਗੋਂ ਦੀ ਕਿਸੇ ਵਿਅਕਤੀ ਨੂੰ ਨਹੀਂ ਗੁਜ਼ਰਨਾ ਚਾਹੀਦਾ।

੨. ਮੱਥਾ ਟੇਕ ਰਹੇ ਵਿਅਕਤੀ ਦੇ ਮੂਹਰਿਓਂ ਭੀ ਕਿਸੇ ਨੂੰ ਨਹੀਂ ਲੰਘਣਾ ਚਾਹੀਦਾ ਹੈ।

੩. ਸਫ਼ਾ-ਵਿਛਾਈ ਬੈਠੇ ਮੋਹਰਲੇ ਕੀਰਤਨੀਆਂ ਦੇ ਅੱਗੋਂ ਦੀ ਬਿਲਕੁਲ ਨਹੀਂ ਲੰਘਣਾ ਚਾਹੀਦਾ।

੪. ਕੀਰਤਨੀਆਂ ਸਿੰਘਾਂ ਨੂੰ ਦਾੜ੍ਹਾ ਪ੍ਰਕਾਸ਼ ਕਰ ਕੇ ਕੀਰਤਨ ਕਰਨਾ ਯੋਗ ਹੈ।

੫. ਕੀਰਤਨੀਆਂ ਦੇ ਗਲ ਵਿਚ ਹਜ਼ੂਰੀਆ, ਉਨ੍ਹਾਂ ਦੇ ਮਨ ਅੰਦਰ ਗੁਰਬਾਣੀ ਲਈ ਸਤਿਕਾਰ ਦਾ ਪ੍ਰਤੀਕ ਹੈ।

੬. ਗੁਰੂ ਸਾਹਿਬ ਜੀ ਦੀ ਤਾਬਿਆ ਬੈਠੇ ਵਿਅਕਤੀ ਦੇ ਹੱਥ ਵਿਚ ਝੁਲਦਾ ਚੌਰ ਅਤੇ ਗੱਲ ਵਿਚ ਹਜ਼ੂਰੀਆ ਗੁਰੂ ਸਾਹਿਬ ਜੀ ਲਈ ਸਤਿਕਾਰ ਦਾ ਪ੍ਰਤੀਕ ਹੈ।

੭. ਗੁਰੂ ਸਾਹਿਬ ਜੀ ਦੇ ਪਤਰੇ ਦੋਨਾਂ ਹੱਥਾਂ ਨਾਲ ਅਤੇ ਸਹਜ ਨਾਲ ਪਰਤਣੇ ਚਾਹੀਦੇ ਹਨ।

੮. ਗੁਰੂ ਸਾਹਿਬ ਜੀ ਤੋਂ ਪਾਠ ਕਰਦਿਆਂ ਹੋਇਆਂ, ਪਤਰਾ ਪਰਤਣ ਉਪਰੰਤ, ਸਾਹਮਣੇ ਦੇ ਦੋਹਾਂ ਪੰਨਿਆਂ ਤੇ ਮਲਮਲ ਦਾ ਰੁਮਾਲ ਫੇਰ ਕੇ ਸੇਵਾ ਕਰਨੀ ਚਾਹੀਦੀ ਹੈ। ਇਸ ਨਾਲ ਹਵਾ ਵਿਚੋਂ, ਪੱਤਰਿਆਂ ਉਤੇ ਆਣ ਟਿਕਿਆ ਹੋਇਆ ਬਾਰੀਕ ਘੱਟਾ ਅਤੇ ਧੂੰਆਂ ਸਾਫ ਹੋ ਜਾਂਦਾ ਹੈ। ਇਹ ਸੇਵਾ ਅਤੀ ਜ਼ਰੂਰੀ ਹੈ। ਪਾਠੀ ਸਿੰਘ, ਅਕਸਰ ਇਸ ਸੇਵਾ ਦਾ ਖ਼ਿਆਲ ਨਹੀਂ ਕਰਦੇ।

੯. ਦੇਗ ਦੇ ਸਤਿਕਾਰ ਨੂੰ ਮੁਖ ਰੱਖ ਕੇ, ਦੇਗ ਦੀ ਸੇਵਾ ਲਈ ਬੈਠੇ ਹੋਏ ਵਿਅਕਤੀ ਅਤੇ ਦੇਗ ਦੇ ਦਰਮਿਆਨ ਵਿਚੋਂ ਦੀ ਕਿਸੇ ਨੂੰ ਨਹੀਂ ਗੁਜ਼ਰਨਾ ਚਾਹੀਦਾ।

੧੦. ਦੇਗ, ਸਿਰ ਢੱਕ ਕੇ ਸੁਚੇ ਹੱਥੀਂ ਬੈਠ ਕੇ ਲੈਣੀ ਚਾਹੀਦੀ ਹੈ, ਖਲੋ ਕੇ ਨਹੀਂ। ਦੇਗ ਵਰਤਾਉਣ ਵਾਲਿਆਂ ਨੂੰ ਇਸ ਦਾ ਖ਼ਿਆਲ ਰੱਖਣਾ ਚਾਹੀਦਾ ਹੈ।

੧੧. ਸ਼ਾਦੀ ਸਮੇਂ, ਬੱਚੀ ਨੂੰ ਪੱਲਾ ਫੜਾਉਣ ਵਾਲਾ ਵਿਅਕਤੀ ਜੋੜੀ ਦੇ ਪਿਛਲੇ ਪਾਸੇ ਖੜ ਕੇ ਇਹ ਫ਼ਰਜ਼ ਪੂਰਾ ਕਰੇ, ਸਾਹਮਣਿਓਂ ਦੀ ਨਹੀਂ, ਤਾਂ ਜੁ ਗੁਰੂ ਸਾਹਿਬ ਜੀ ਵੱਲ ਉਸ ਦੀ ਪਿੱਠ ਨਾ ਹੋ ਜਾਏ।

੧੨. ਮੱਥਾ ਟੇਕਣ ਲਗਿਆਂ ਚੜ੍ਹਾਵਾ ਗੁਰੂ ਸਾਹਿਬ ਜੀ ਅੱਗੇ ਸੁੱਟਣਾ ਨਹੀਂ ਚਾਹੀਦਾ, ਸਗੋਂ ਸਤਿਕਾਰ ਨਾਲ ਰੱਖਣਾ ਚਾਹੀਦਾ ਹੈ।

ਖਾਲਸਾ ਜੀ ਦਾ ਸਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ


# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਰੰਗੀ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ | ੦-੭੫ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |




www.AKJ.Org

# ਗੁਰੂ ਕੇ ਲੰਗਰ ਦੀ ਸੰਸਥਾ

[ਪ੍ਰੋ: ਹਰਨਾਮ ਸਿੰਘ ਜੀ ਐਮ.ਏ., W—੧੩੯, ਗ੍ਰੇਟਰ ਕੈਲਾਸ਼ I, ਨਵੀਂ ਦਿੱਲੀ-੮੪]

ਲੰਗਰ ਦੀ ਸੰਸਥਾ ਸਿਖ ਆਦਰਸ਼ਾਂ ਨਾਲ ਅਨਿਖੜਵੇਂ ਢੰਗ ਨਾਲ ਜੁੜੀ ਹੋਈ ਹੈ। ਸਿੱਖੀ ਵਿਚ ਸੰਗਤ ਅਤੇ ਪੰਗਤ ਦੋਹਾਂ ਦੀ ਮਹਾਨਤਾ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਦੋਵੇਂ ਸਿੱਖੀ ਦੇ ਧੁਰੇ ਸਮਝੇ ਜਾਂਦੇ ਹਨ। ਜਿਥੇ ਸੰਗਤ ਸਤਿਸੰਗ ਅਤੇ ਕੀਰਤਨ ਸਮਾਗਮ ਵਿਚ ਜੁੜ ਬੈਠਦੀ ਹੈ, ਓਥੇ ਲੰਗਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਹਰ ਗੁਰ ਅਸਥਾਨ, ਗੁਰ ਧਾਮ, ਗੁਰਦੁਆਰੇ, ਡੇਰੇ ਅਤੇ ਧਰਮਸਾਲ ਦੇ ਨਾਲ ਲੰਗਰ ਲਾਜ਼ਮੀ ਹੁੰਦਾ ਹੈ।

ਲੰਗਰ ਦਾ ਅਰਥ ਉਹ ਪਾਕਸ਼ਾਲਾ ਹੈ, ਜਿਥੋਂ ਤਿਆਰ ਹੋਇਆ ਭੋਜਨ, ਪ੍ਰਸ਼ਾਦ ਦੇ ਰੂਪ ਵਿਚ ਹਰ ਵਿਅਕਤੀ ਨੂੰ ਬਿਨਾਂ ਕਿਸੇ ਵਿਤਕਰੇ ਦੇ ਲੋੜ ਅਨੁਸਾਰ ਮਿਲਦਾ ਹੈ। ਲੰਗਰੋਂ ਪ੍ਰਸ਼ਾਦ ਛਕਣ ਲਈ ਹੋਟਲਾਂ, ਢਾਬਿਆਂ ਵਾਂਗ ਮਾਇਕ ਅਦਾਇਗੀ ਨਹੀਂ ਕਰਨੀ ਪੈਂਦੀ। ਏਸੇ ਲਈ ਅੰਗਰੇਜ਼ੀ ਵਿਚ ਲੰਗਰ ਲਈ Free Kitchen ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਜਿਨ੍ਹਾਂ ਸਿਧਾਂਤਾਂ ਨੂੰ ਮੁਖ ਰਖ ਕੇ ਲੰਗਰ ਦੀ ਪਰਿਪਾਟੀ ਗੁਰੂ ਸਾਹਿਬਾਨ ਵਲੋਂ ਚਲਾਈ ਗਈ ਸੀ, ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਨਾਲ ਹੀ ਲੰਗਰ ਦੀ ਮਹੱਤਾ ਦਾ ਪਤਾ ਚਲ ਸਕੇਗਾ।

ਕਿਹਾ ਜਾਂਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਲੋੜਵੰਦਾਂ ਨੂੰ ਵੀਹ ਰੁਪਈਆਂ ਦਾ ਲੰਗਰ ਛਕਾ ਕੇ ਸੱਚਾ ਸੌਦਾ ਕੀਤਾ ਤੇ ਮਗਰੋਂ ਮੋਦੀਖ਼ਾਨੇ ਵਿਚ ਲੋੜਵੰਦਾਂ ਨੂੰ ਖੁਲ੍ਹੀ ਰਸਦ ਵੰਡ ਕੇ ਲੰਗਰ ਦੀ ਨੀਂਹ ਰਖੀ। ਇਸ ਨੀਂਹ ਨੂੰ ਮਗਰੋਂ ਸਾਰੇ ਸਤਿਗੁਰਾਂ ਨੇ ਨਿਗਰ ਤੇ ਪਕਿਆਂ ਕੀਤਾ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬਾਨ ਤੋਂ ਪਹਿਲਾਂ, ਨਾਥਾਂ, ਜੋਗੀਆਂ, ਕੰਨ-ਪਾਟਿਆਂ, ਬੋਧੀਆਂ ਆਦਿ ਵਿਚ ਭੰਡਾਰੇ ਚਲਦੇ ਸਨ, ਜਿਨ੍ਹਾਂ ਵਿਚ ਇਨ੍ਹਾਂ ਸੰਪ੍ਰਦਾਵਾਂ ਦੇ ਸਾਧੂਆਂ ਨੂੰ ਮੁਫਤ ਭੋਜਨ ਮਿਲਦਾ ਸੀ। ਪਰ ਇਨ੍ਹਾਂ ਭੰਡਾਰਿਆਂ ਦਾ ਲੰਗਰ ਨਾਲ ਕੀ ਮੁਕਾਬਲਾ ਹੋ ਸਕਦਾ ਹੈ! ਭੰਡਾਰੇ ਧਨਾਢਾਂ ਵਲੋਂ ਧਨ ਖਰਚ ਕਰ ਕੇ ਕੇਵਲ ਕੁਝ ਵਿਸ਼ੇਸ਼ ਸੰਪ੍ਰਦਾਵਾਂ ਦੇ ਸਾਧੂਆਂ ਨੂੰ ਭੋਜਨ ਛਕਾਣ ਲਈ ਕੀਤੇ ਜਾਂਦੇ ਸਨ, ਪਰ ਲੰਗਰ ਦੀ ਪ੍ਰਥਾ ਤਾਂ ਸਰਬ-ਸਾਂਝੀਵਾਲਤਾ ਅਤੇ ਵੰਡ ਕੇ ਖਾਣ ਤੇ ਹਥੀਂ ਸੇਵਾ ਕਰਨ ਦੇ ਅਸੂਲਾਂ ਤੇ ਚਲਾਈ ਗਈ ਹੈ। ਲੰਗਰੋਂ ਪ੍ਰਸ਼ਾਦ ਛਕਣ ਲਈ ਧਰਮ, ਕੌਮ, ਜ਼ਾਤ ਤੇ ਫ਼ਿਰਕੇ ਦਾ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਲੰਗਰ ਤਾਂ :—

ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥੧੦੦॥

ਗਉੜੀ ਮ: ੫—੧੮੬

ਦੇ ਸੁਨਹਿਰੀ ਅਸੂਲ ਤੇ ਚਲਾਇਆ ਜਾਂਦਾ ਹੈ। ਇਸ ਵਿਚ ਤਾਂ ਰਲ ਮਿਲ ਕੇ ਖ਼ਰਚ ਕਰਨ ਤੇ ਰਲ ਮਿਲ ਕੇ ਇਕੋ ਪੰਗਤ ਵਿਚ ਬੈਠ ਕੇ ਖਾਣ ਦਾ ਉਪਦੇਸ਼ ਹੈਂ। ਲੰਗਰ ਵਿਚ ਸਾਰੇ ਸਿਖਾਂ ਦਾ, ਹਰ ਇਕ ਦੇ ਵਿਤ ਅਨੁਸਾਰ ਹਿੱਸਾ ਪੈਂਦਾ ਹੈ। ਇਸ ਨਾਲ ਦਸਾਂ ਨਹੁੰਆਂ ਦੀ ਕਿਰਤ ਤੇ ਵੰਡ ਕੇ ਛਕਣ ਦੇ ਸਿਧਾਂਤ ਤੇ ਅਮਲ ਕੀਤਾ ਜਾਂਦਾ ਹੈ। ਗੁਰਦੇਵ ਨੇ ਵੰਡ ਕੇ ਛਕਣ ਦਾ ਉਪਦੇਸ਼ ਦਿਤਾ ਹੈ :—

ਘਾਲਿ ਖਾਇ ਕਿਛੁ ਹਥਹੁ ਦੇਹ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥

ਸਲੋਕ ਮ: ੧, ਸਾਰਗ ਵਾਰ—੧੨੪੫

ਇਸ ਤਰ੍ਹਾਂ ਲੰਗਰ ਤਾਂ ਕਿਰਤ ਨੂੰ ਸਫਲ ਕਰਨ ਦਾ ਸੁਹਣਾ ਤਰੀਕਾ ਹੈ। ਲੰਗਰ ਵਿਚ ਖ਼ਰਚਿਆ ਧਨ ਸਫਲ ਹੁੰਦਾ ਹੈ।

ਲੰਗਰ ਜਿਥੇ ਲੁੱਟ-ਖਸੁੱਟ ਦੀ ਬੁਰਾਈ ਨੂੰ ਦੂਰ ਕਰਦਾ ਹੈ, ਓਥੇ ਲੋਭ ਅਤੇ ਅਹੰਕਾਰ ਨੂੰ ਦੂਰ ਕਰਨ ਦਾ ਸਾਧਨ ਵੀ ਬਣਦਾ ਹੈ। ਸਿਖ ਵਾਹਿਗੁਰੂ ਨੂੰ ਦਾਤਾ ਸਮਝਦਾ ਹੈ ਤੇ ਉਸ ਵਲੋਂ ਦਿਤੀ ਹੋਈ ਦਾਤ ਨੂੰ ਵੰਡ ਕੇ ਛਕਣ ਨਾਲ ਉਸ ਦੇ ਅੰਦਰੋਂ ਹਉਮੈ ਤੇ ਲੋਭ ਆਦਿ ਬੁਰਾਈਆਂ ਦੂਰ ਹੋ ਜਾਂਦੀਆਂ ਹਨ। ਕਿਉਂਕਿ ਉਸਦਾ ਸਿਦਕ ਇਸ



www.AKJ.Org

ਇਸ ਗੱਲ ਤੇ ਟਿਕਿਆ ਹੁੰਦਾ ਹੈ :—

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੯॥

ਮਾਝ ਮ: ੫—੯੭

ਗੁਰਸਿਖ ਆਪਣੀ ਕਮਾਈ ਨੂੰ ਲੰਗਰ ਰਾਹੀਂ ਸਫਲ ਕਰਦਾ ਹੋਇਆ ਇਹੀ ਅਰਦਾਸ ਕਰਦਾ ਹੈ, 'ਦਾਣਾ ਪਾਣੀ ਗੁਰੂ ਕਾਂ, ਟਹਿਲ ਭਾਵਨੀ ਗੁਰਸਿਖਾਂ ਦੀ। ਕਿਤਨੀ ਨਿਮ੍ਰਤਾ ਦਾ ਪ੍ਰਗਟਾਵਾ ਹੈ। ਦਾਤਾ ਵਾਹਿਗੁਰੂ ਹੈ ਤੇ ਅਸੀਂ ਸਾਰੇ ਉਸ ਦਾ ਦਿਤਾ ਹੀ ਖਾਂਦੇ ਹਾਂ। ਲੰਗਰ ਇਸ ਗੱਲ ਨੂੰ ਦ੍ਰਿੜ੍ਹ ਕਰਾਂਦਾ ਹੈ ਕਿ ਗੁਰੂ ਕਾ ਸਿਖ ਆਪਣੀ ਮਾਇਆ ਨੂੰ ਸਫਲ ਕਰਦਿਆਂ ਇਸ ਸਿਧਾਂਤ ਨੂੰ ਨਾ ਭੁਲੇ ਕਿ ਦਾਤਾਂ ਦਾ ਮਾਲਕ ਵਾਹਿਗੁਰੂ ਹੈ ਤੇ ਉਸਦਾ ਦਿਤਾ ਖਾ ਕੇ ਓਸੇ ਨੂੰ ਸ਼ਾਬਾਸ਼ ਜਾਂ ਧੰਨ ਕਹਿਣਾ ਚਾਹੀਦਾ ਹੈ।

ਤੂ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ ॥......

ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥ [ਵਾਰ ਸੋਰਠਿ ਮ: ੪, ਪੰਨਾ ੬੫੨

ਏਸੇ ਲਈ ਜਦੋਂ ਕਦੇ ਵੀ ਸਿਖ ਵਲੋਂ ਕੋਈ ਸੇਵਾ ਕੀਤੀ ਜਾਂਦੀ ਹੈ ਤਾਂ ਉਸ ਨੂੰ ਭੇਟਾ ਕਿਹਾ ਜਾਂਦਾ ਹੈ, ਦਾਨ ਦਾ ਸ਼ਬਦ ਗੁਰਮਤਿ ਵਿਚ ਨਹੀਂ ਵਰਤਿਆ ਜਾਂਦਾ। ਦਾਨ ਤਾਂ ਅਹੰਕਾਰ ਵਧਾਂਦਾ ਹੈ, ਹਉਮੈ ਨੂੰ ਪੱਠੇ ਪਾ ਕੇ ਹੋਰ ਮੋਟਾ ਕਰਦਾ ਹੈ। ਪਰ ਲੰਗਰ ਨਾਲ ਜੁੜਿਆ ਸੇਵਾ ਦਾ ਆਦਰਸ਼ ਨਿਮਰਤਾ ਸਿਖਾਂਦਾ ਹੈ।

ਸੇਵਾ, ਲੰਗਰ ਦਾ ਮਹੱਤਵਪੂਰਨ ਭਾਗ ਹੈ। ਰਸਦ ਆਦਿ ਦੀ ਸੇਵਾ ਤੋਂ ਛੁੱਟ, ਹਥੀਂ ਸੇਵਾ ਵੀ ਲਾਜ਼ਮੀ ਹੈ। ਅਸਲ ਵਿਚ ਲੰਗਰ ਤਿਆਰ ਕਰਨ ਸਮੇਂ ਹਰ ਬੰਦੇ ਨੂੰ ਉਸ ਦੇ ਵਿਤ ਅਨੁਸਾਰ ਸੇਵਾ ਕਰਨ ਦਾ ਮੌਕਾ ਮਿਲ ਜਾਂਦਾ ਹੈ। ਹਥੀਂ ਲੰਗਰ ਤਿਆਰ ਕਰਨਾ, ਲੰਗਰ ਛਕਾਣਾ, ਜਲ ਢੋਣਾ, ਭਾਂਡੇ ਮਾਂਜਣੇ, ਝਾੜੂ ਦੇਣਾ ਆਦਿ ਅਨੇਕਾਂ ਸੇਵਾਵਾਂ ਲੰਗਰ ਨਾਲ ਜੁੜੀਆਂ ਹੋਈਆਂ ਹਨ। ਭਾਈ ਮੰਝ ਵਰਗੇ ਗੁਰੂ ਕੇ ਲਾਲਾਂ ਨੇ ਲੰਗਰ ਲਈ ਲਕੜਾਂ ਦੀ ਸੇਵਾ ਕਰ ਕੇ ਤੇ ਵਡੇ ਤੋਂ ਵਡਾ ਸੰਕਟ ਆ ਪੈਣ ਤੇ ਵੀ ਲਕੜਾਂ ਨੂੰ ਗਿਲਿਆਂ ਨਹੀਂ ਹੋਣ ਦਿਤਾ। ਏਸੇ ਕਰਕੇ ਉਹ ਪੰਚਮ ਪਾਤਸ਼ਾਹ ਦੇ ਵਰਦਾਨ ਦੇ ਪਾਤਰ ਬਣੇ—

ਮੰਝ ਪਿਆਰਾ ਗੁਰੂ ਨੂੰ, ਗੁਰ ਮੰਝ ਪਿਆਰਾ।

ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ। [ਸੂਰਜ ਪ੍ਰਕਾਸ਼, ਅੰਸੂ ੨–੪, ੫੦

ਲੰਗਰ ਦੀ ਮਹੱਤਾ ਬਾਰੇ ਗੁਰਬਾਣੀ ਵਿਚੋਂ ਵੀ ਗਵਾਹੀ ਮਿਲਦੀ ਹੈ। ਸੱਤੇ ਬਲਵੰਡ ਦੀ ਵਾਰ ਵਿਚ—

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥ [ਪੰਨਾ ੯੬੭

ਤਥਾ—ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥੬॥ [ਪੰਨਾ ੯੬੮

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਘਿਆਲੀ ਖੀਰ ਤੇ ਘਿਉ-ਮੈਦਾ ਖੰਡ ਨਾਲ ਤਿਆਰ ਕੀਤਾ ਕੜਾਹ ਪ੍ਰਸ਼ਾਦ ਆਦਿ ਛੱਤੀ ਪ੍ਰਕਾਰ ਦੇ ਅੰਮ੍ਰਿਤ ਭੋਜਨ ਛਕਣ ਲਈ ਮਿਲਦੇ ਸਨ। ਤੀਸਰੇ ਗੁਰਦੇਵ ਨੇ ਲੰਗਰ ਨੂੰ ਇਤਨੀ ਮਹਾਨਤਾ ਦਿਤੀ ਕਿ ਆਪ ਨੇ ਇਹ ਨਿਯਮ ਬਣਾ ਦਿਤਾ ਕਿ ਬਾਹਰੋਂ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਤਦ ਤਕ ਆਪ ਜੀ ਦੇ ਦਰਸ਼ਨ ਨਹੀਂ ਸਨ ਹੋ ਸਕਦੇ, ਜਦ ਤਕ ਉਹ ਲੰਗਰੋਂ ਪ੍ਰਸ਼ਾਦ ਨਹੀਂ ਸੀ ਛਕ ਲੈਂਦਾ। ਮੁਗ਼ਲ ਬਾਦਸ਼ਾਹ ਅਕਬਰ ਨੇ ਵੀ ਇਸ ਅਸੂਲ ਦੀ ਪਾਲਨਾ ਕੀਤੀ ਤੇ ਲੰਗਰੋਂ ਪ੍ਰਸ਼ਾਦ ਛਕਣ ਮਗਰੋਂ ਹੀ ਉਹ ਗੁਰਦੇਵ ਨਾਲ ਮੁਲਾਕਾਤ ਕਰ ਸਕਿਆ।

ਬਾਬਾ ਨਿਧਾਨ ਸਿੰਘ ਜੀ ਨੇ ਦਸਮੇਸ਼ ਗੁਰੂ ਪਾਸੋਂ ਗੁਪਤ ਰੂਪ ਵਿਚ ਬਖ਼ਸ਼ਸ਼ਾਂ ਲੈ ਕੇ ਲੰਗਰ ਹੀ ਜਾਰੀ ਕੀਤਾ। ਹਜ਼ੂਰ ਸਾਹਿਬ ਵਿਖੇ ਬਾਬਾ ਜੀ ਦੇ ਸਥਾਨ ਨੂੰ ਲੰਗਰ ਕਰਕੇ ਹੀ 'ਗੁਰਦੁਆਰਾ ਲੰਗਰ ਸਾਹਿਬ' ਨਾਉਂ ਦਿਤਾ ਗਿਆ ਹੈ। ਏਥੇ ਗੁਰੂ ਮਿਹਰ ਸਦਕਾ ਹਰ ਸਮੇਂ ਅਤੁੱਟ ਲੰਗਰ ਚਲਦਾ ਰਹਿੰਦਾ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾ ਸਾਹਿਬ ਦੇ ਲੰਗਰ ਦੀ ਮਹਿਮਾ ਦੂਰ ਦੂਰ ਤਕ ਪ੍ਰਸਿੱਧ ਸੀ। ਓਥੇ ਅਠੇ ਪਹਿਰ ਲੰਗਰ ਜਾਰੀ ਰਹਿੰਦਾ ਸੀ। ਹੁਣ ਵੀ ਜਦੋਂ ਕਦੇ ਜਥੇ ਪਾਕਿਸਤਾਨ ਜਾਂਦੇ ਹਨ ਤਾਂ ਸਿੰਧੀ ਵੀਰ ਪੰਜਾ ਸਾਹਿਬ



www.AKJ.Org

ਵਿਖੇ ਲੰਗਰ ਦੀ ਸੇਵਾ ਆਪਣੇ ਜ਼ਿਮੇ ਲੈ ਕੇ ਪੁਰਾਣੀ ਰਹੁ-ਰੀਤ- ਨੂੰ ਸੁਰਜੀਤ ਕਰਨ ਦਾ ਉਪਰਾਲਾ ਕਰਦੇ ਤੇ ਗੁਰਦੇਵ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣਦੇ ਹਨ ।

ਸਮੇਂ ਦੀ ਤਬਦੀਲੀ ਨਾਲ ਅਸਾਂ ਲੰਗਰ ਦੇ ਰੂਪ ਤੇ ਸਪਿਰਿਟ ਨੂੰ ਬਦਲ ਦਿਤਾ ਹੈ। ਗੁਰਸਿਖ ਪਰਿਵਾਰਾਂ ਵਿਚ ਜਦੋਂ ਕਦੇ ਖੁਸ਼ੀ ਦਾ ਕੋਈ ਸਮਾਗਮ ਹੁੰਦਾ ਹੈ ਤਾਂ ਉਹ ਲੰਗਰ ਦਾ ਪਰਬੰਧ ਵੀ ਕਰਦੇ ਹਨ, ਪਰ ਉਹ ਲੰਗਰ ਨਹੀਂ ਹੁੰਦਾ ਕਿਉਂਕਿ ਹਲਵਾਈਆਂ ਹਥੋਂ ਤਿਆਰ ਹੋਇਆ ਭੋਜਨ ਗੁਰੂ ਕਾ ਲੰਗਰ ਨਹੀਂ ਬਣ ਸਕਦਾ। ਕਾਰਨ ਇਹ ਹੈ ਕਿ ਲੰਗਰ ਦੀ ਬੁਨਿਆਦ ਜਿਥੇ ਧਰਮ ਦੀ ਕਿਰਤ ਤੇ ਵੰਡ ਕੇ ਛਕਣ ਦੀ ਹੈ ਉਥੇ ਹਥੀਂ ਸੇਵਾ ਕਰਨ ਦੇ ਸਿਧਾਂਤਾਂ ਤੇ ਰਖੀ ਗਈ ਹੈ। ਲੰਗਰ ਤਾਂ ਤਿਆਰ-ਬਰ-ਤਿਆਰ ਸਿੰਘਾਂ ਵਲੋਂ ਤਿਆਰ ਹੋਣਾ ਚਾਹੀਦਾ ਹੈ, ਜਿਹੜਾ ਸੇਵਾ ਦੇ ਨਾਲ ਨਾਲ ਸਿਮਰਨ ਨਾਲ ਤਿਆਰ ਕੀਤਾ ਜਾਂਦਾ ਹੈ ਤੇ ਨਾਮ-ਸਿਮਰਨ-ਰੰਗ ਵਿਚ ਵਰਤਾਇਆ ਜਾਂਦਾ ਹੈ। ਸੁੱਚ ਤੇ ਸਫਾਈ ਲੰਗਰ ਲਈ ਅਤਿਅੰਤ ਲਾਜ਼ਮੀ ਹੈ। ਅਸੀਂ ਅਰਦਾਸ ਵੇਲੇ ਭੋਗ ਲਵਾਣ ਸਮੇਂ ਇਹ ਤੁੱਕਾਂ ਪੜ੍ਹਦੇ ਹਾਂ :— ਅਨਿਕ ਪ੍ਰਕਾਰ ਭੋਜਨ ਬਹੁ ਕੀਏ, ਬਹੁ ਬਿੰਜਨ ਮਿਸਟਾਏ ॥

ਕਰੀ ਪਾਕਸਾਲ ਸੋਚ ਪਵਿਤਰਾ, ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥੧॥

ਮਲਾਰ ਮਹਲਾ ੫—੧੨੬੬

ਇਸ ਲਈ ਜ਼ਰੂਰੀ ਹੈ ਕਿ ਹਰੀ ਰਾਏ ਨੂੰ ਭੋਗ ਲੁਆਣ ਲਈ ਪਾਕਸਾਲ ਜਾਂ ਰਸੋਈ ਨੂੰ ਸੁੱਚਾ ਤੇ ਪਵਿਤਰ ਕਰੀਏ, ਨਹੀਂ ਤਾਂ ਭੋਗ ਕਿਵੇਂ ਲਗੇਗਾ ! ਜੂਠੀਆਂ ਪਲੇਟਾਂ ਵਿਚ ਮੇਜ਼ਾਂ ਤੇ ਪਰੋਸਿਆ ਭੋਜਨ ਕਦੇ ਵੀ ਲੰਗਰ ਨਹੀਂ ਬਣ ਸਕਦਾ। ਇਹ ਤਾਂ ਲੰਚ, ਬਰੰਚ ਜਾਂ ਡਿਨਰ ਹੀ ਹੋ ਸਕਦਾ ਹੈ। ਅਸਾਂ ਮਨਮਤ ਅਨੁਸਾਰ ਚਾਹ ਨੂੰ ਵੀ ਲੰਗਰ ਵਿਚ ਸ਼ਾਮਲ ਕਰ ਲਿਆ ਹੈ ਤੇ ਗਲਾਸ ਜਾਂ ਗੜਵੀ ਵਿਚ ਲਿਆ ਕੇ ਰਖੀ ਚਾਹ ਨੂੰ ਵੀ ਕਿਰਪਾਨ ਭੇਟ ਕਰਨ ਲਗ ਪਏ ਹਾਂ। ਇਸ ਲਈ ਸਾਵਧਾਨੀ ਦੀ ਲੋੜ ਹੈ ਤੇ ਮਨਮਤ ਤੋਂ ਬਚਣਾ ਚਾਹੀਦਾ ਹੈ।

ਲੋੜਵੰਦ ਨੂੰ ਲੰਗਰ ਛਕਾਣਾ ਇਕ ਮਹਾਨ ਪੁੰਨ-ਕਰਮ ਸਮਝਿਆ ਜਾਂਦਾ ਹੈ। ਇਤਿਹਾਸ ਵਿਚ ਕਈ ਹਵਾਲੇ ਆਉਂਦੇ ਹਨ, ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਰਹਿਤ ਬਹਿਤ ਵਿਚ ਪੂਰੇ ਗੁਰਸਿਖ ਜਦ ਤਕ ਕਿਸੇ ਹੋਰ ਸਿਖ ਨੂੰ ਪ੍ਰਸ਼ਾਦ ਨਹੀਂ ਸਨ ਛਕਾ ਲੈਂਦੇ, ਆਪ ਵੀ ਨਹੀਂ ਸਨ ਛਕਦੇ। ਵੰਡ ਖਾਣਾ ਸਿਖ ਦਾ ਧਰਮ ਜੂ ਹੋਇਆ।

ਲੰਗਰ ਦੀ ਸੇਵਾ ਤਾਂ ਹਰ ਤਰ੍ਹਾਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਕਰਦੀ ਹੈ। ਪੰਚਮ ਗੁਰੂ ਜੀ ਦੇ ਮਹਿਲ ਮਾਤ ਗੰਗਾ ਜੀ ਨੇ ਪੁਤਰ ਦੀ ਦਾਤਿ ਲੈਣ ਲਈ ਜਦੋਂ ਆਪਣੇ ਹੱਥਾਂ ਨਾਲ ਲੰਗਰ ਤਿਆਰ ਕਰ ਕੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੂੰ ਛਕਾਇਆ ਤਾਂ ਵਾਹਿਗੁਰੂ ਵਲੋਂ 'ਛਟਮ ਪੀਰ ਬੈਠਾ ਗੁਰ ਭਾਰੀ' ਦੀ ਦਾਤ ਪ੍ਰਾਪਤ ਹੋਈ।

ਲੰਗਰ 'ਤਿਆਗ' ਦੀ ਭਾਵਨਾ ਵੀ ਸਿਖਾਂਦਾ ਹੈ। ਇਹ 'ਹਥਹੁ ਦੇ ਕੇ ਭਲਾ ਮਨਾਏ' ਦੀ ਜਾਚ ਸਿਖਾਂਦਾ ਹੈ।

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ, ਕਿਆ ਲਾਗੈ ਮੇਰਾ ॥੨੦੩॥ [ਸਲੋਕ ਕਬੀਰ–੧੩੭੫

ਲੰਗਰ ਇਹ ਅਰਦਾਸ ਕਰਨੀ ਸਿਖਾਂਦਾ ਹੈ, ਜੋ ਨਿਮਰਤਾ ਦੀ ਸਭ ਤੋਂ ਵਧੀਆ ਮਿਸਾਲ ਹੈ। ਇਸ ਤਰ੍ਹਾਂ ਦਾ ਨਿਮਰਤਾ ਭਾਵ ਲੰਗਰ ਦੀ ਤਨ, ਮਨ, ਧਨ ਨਾਲ ਕੀਤੀ ਸੇਵਾ ਤੋਂ ਹੀ ਪ੍ਰਾਪਤ ਹੁੰਦਾ ਹੈ।

---

**ਪਾਠਕ ਜੀ--** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਧਰਮ-ਸੱਚ ਤੇ ਕੁਰਬਾਨੀ

[ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਬੀ-XX-੪੦੮/੧, ਕ੍ਰਿਸ਼ਨ ਨਗਰ, ਸਿਵਲ ਲਾਈਨ, ਲੁਧਿਆਣਾ]

ਸਤਿਗੁਰੂ ਅਰਜਨ ਦੇਵ ਜੀ ਨੇ ਪ੍ਰਭੂ-ਸ੍ਰਿਸ਼ਟੀ ਵਿਚ ਅਕਾਲ ਪੁਰਖ ਦਾ ਜਲਵਾ ਦੇਖਿਆ ਤੇ ਫ਼ੁਰਮਾਇਆ :–

ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥

ਕਾਨੜਾ ਮ: ੫, ਪੰਨਾ ੧੨੯੯

ਪਰ ਫਿਰ ਵੀ ਕਠੋਰ ਸਮਾਂ ਨਾ ਟਲਿਆ ਤੇ ਕਲਯੁਗੀ ਕਰਤੂਤਾਂ ਅਤੇ ਜਬਰ-ਜ਼ੁਲਮ ਕਰਦਾ ਹੀ ਰਿਹਾ। ਸਰਕਾਰਾਂ ਤੇ ਧਰਮਾਂ ਦਾ ਆਦਿ ਤੋਂ ਹੀ ਵੈਰ-ਵਿਰੋਧ ਚਲਿਆ ਆਇਆ ਹੈ। ਸਰਕਾਰਾਂ ਅਧਰਮ, ਅਨਿਆਂ, ਧੱਕੇ-ਸ਼ਾਹੀ, ਆਪ-ਹੁਦਰਾਪਨ ਅਤੇ ਹੱਕ-ਮਾਰਾਂ ਨਿਰਾ ਕਰਦੀਆਂ ਹੀ ਨਹੀਂ, ਸਗੋਂ ਇਹਨਾਂ ਕੁਕਰਮਾਂ ਨੂੰ ਜਾਇਜ਼ ਕਰਾਰ ਦਿੰਦੀਆਂ ਹਨ। ਜੋ ਵੀ ਮਾਨਵੀ ਗੌਰਵ ਤੇ ਇਨਸਾਨੀਅਤ ਦੇ ਨਾਤੇ, ਅਜਿਹੇ ਜਬਰ-ਜ਼ੁਲਮ ਅੱਗੇ ਅੜੇ, ਉਸ ਨੂੰ ਆਪਣੇ ਨਾ-ਹੱਕ ਪ੍ਰਬੰਧ ਦੇਸ਼ ਦੇ ਬਹਾਨੇ ਦੀ ਝੂਠੀ ਆੜ ਲੈ ਕੇ ਕੁਚਲ ਕੇ ਰੱਖ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਸਿੱਖ ਮੁੱਢ ਤੋਂ ਹੀ ਸਰਕਾਰਾਂ ਦੀਆਂ ਅੱਖਾਂ ਵਿਚ ਰੜਕਦੇ ਰਹੇ ਹਨ। ਪਰ "ਧਰਮ-ਸੱਚ" ਫਾਂਸੀ ਦੇ ਤਖ਼ਤਿਆਂ ਤੇ, ਤਲਵਾਰਾਂ ਦੇ ਵਾਰਾਂ ਅੱਗੇ, ਤੱਤੀਆਂ ਤਵੀਆਂ ਤੇ, ਬਲਦੇ ਭਾਂਬੜਾਂ ਵਿਚ, ਚਰਖੜੀਆਂ ਤੇ ਚੀਰਦੇ ਆਰਿਆਂ ਸਾਹਵੇਂ, ਬੰਦ ਬੰਦ ਕਟਾ ਕੇ, ਖੋਪਰੀਆਂ ਲੁਹਾ ਕੇ, ਗੋਲੀਆਂ ਦਾ ਸ਼ਿਕਾਰ ਬਣ ਕੇ, ਤੋਪਾਂ ਅੱਗੇ ਉਡਾਏ ਜਾਣ ਤੇ, ਅੱਖਾਂ ਕਢਾ ਕੇ, ਅਣਮਨੁਖੀ ਬੇਕਿਰਕ ਤਸੀਹਿਆਂ ਨਾਲ ਕੋਹੇ ਜਾਣ ਕਾਰਨ 'ਧਰਮ ਤੇ ਸੱਚ' ਹੀ ਰਿਹਾ।

'ਧਰਮ ਤੇ ਸੱਚ' ਕਦੇ ਈਸਾ, ਕਦੇ ਪ੍ਰਹਿਲਾਦ, ਕਦੇ ਹੁਸੈਨ, ਕਦੇ ਮਨਸੂਰ, ਕਦੇ ਤਬਰੇਜ਼, ਕਦੇ ਗੁਰੂ ਅੰਰਜਨ, ਕਦੇ ਗੁਰੂ ਤੇਗ ਬਹਾਦੁਰ, ਕਦੇ ਜੁਝਾਰ ਸਿੰਘ, ਕਦੇ ਜੋਰਾਵਰ ਸਿੰਘ, ਕਦੇ ਮਨੀ ਸਿੰਘ, ਕਦੇ ਸ਼ਾਹਬਾਜ਼ ਸਿੰਘ, ਕਦੇ ਬਾਬਾ ਦੀਪ ਸਿੰਘ ਦੇ ਸੱਚੇ ਸੁੱਚੇ ਤੇ ਸੁਚੱਜੇ ਉਚੇ ਸਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਰਿਹਾ।

"ਧਰਮ-ਸੱਚ" ਦੇ ਪਰਮ ਆਦੇਸ਼, ਆਦਰਸ਼, ਉਪਦੇਸ਼, ਉਦੇਸ਼ ਤੇ ਸੰਦੇਸ਼ ਦੀ ਪੂਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਪਾ ਕੇ ਰੂਪਮਾਨ ਕੀਤੀ। ਦੇਹਧਾਰੀ ਹੁੰਦਿਆਂ ਬੇਦੇਹੇ, ਆਤਮਾ-ਸਰੂਪ ਸਿਧ ਹੋਏ। ਮਨੋਬਲ, ਆਤਮ-ਪ੍ਰਭਤਾ, ਅਮੁੱਕ ਸਹਿਨ ਸ਼ੀਲਤਾ, "ਤੇਰਾ ਕੀਆ ਮੀਠਾ ਲਾਗੈ" ਦੇ ਮਹਾਨ ਗੁਣਾਂ ਤੇ ਸ਼ਕਤੀਆਂ ਨੇ ਮਨੁੱਖੀ ਪਥ-ਪ੍ਰਦਰਸ਼ਨ ਲਈ ਇਕ ਅਦੁੱਤੀ ਮੁਨਾਰੇ ਦੀ ਉਸਾਰੀ ਕਰ ਦਿੱਤੀ। ਇਸ ਮੁਨਾਰੇ ਨੂੰ ਸਿੱਖਾਂ ਨੇ ਅੰਦਰਲੀਆਂ ਬਾਹਰਲੀਆਂ ਅੱਖਾਂ ਨਾਲ ਵੇਖਿਆ, ਚੁੰਮਿਆ, ਮੁਨਾਰੇ ਦੀਆਂ ਨੀਹਾਂ ਤੇ ਸੀਸ ਰਖਿਆ, ਅਤੇ ਇਉਂ ਗਾਉਂਦੇ ਹੋਏ ਸੀਸ ਕੁਰਬਾਨ ਕੀਤਾ :–

(ੳ) ਮੇਰਾ ਸਿਖੀ ਸਿਦਕ ਨ ਜਾਵੇ, ਸਿਰ ਜਾਵੇ ਤਾਂ ਜਾਵੇ ॥ (ਪ੍ਰਚਲਤ ਕਹਾਵਤ)

(ਅ) ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ ॥੨॥ (ਵਡਹੰਸੁ ਮ: ੧, ਪੰਨਾ ੫੭੯)

(ੲ) ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥ (ਵਡਹੰਸੁ ਮ: ੧—੫੭੯-੮੦)

(ਸ) ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥੧॥੨੩॥ (ਮ: ੫ ਡਖਣੇ—੧੧੦੨)

(ਹ) ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥੬੧॥ (ਸਲੋਕ ਕਬੀਰ ਜੀ, ੧੩੬੭)

(ਕ) ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ (ਸਲੋਕ ਕਬੀਰ ਜੀ—੧੩੬੫)

---

[੩੪ ਸਫ਼ੇ ਦੀ ਬਾਕੀ] ਉਪਰੋਕਤ ਸਮੱਸਿਆਵਾਂ ਦਾ ਹੱਲ, ਕੌਮ ਨੇ ਰਲ ਮਿਲ ਕੇ, ਠੰਢੇ ਹਿਰਦੇ ਨਾਲ ਅਤੇ ਪਰਸਪਰ ਸੁਹਿਰਦਤਾ ਨਾਲ ਵਿਚਾਰ ਕਰ ਕੇ ਕਰਨਾ ਹੈ, ਤਾਂ ਜੁ ਸਿਖ ਕੌਮ ਦਾ ਗਵਾਚਾ ਮਾਣ-ਸਤਿਕਾਰ ਬਹਾਲ ਕੀਤਾ ਜਾ ਸਕੇ, ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਪਹਿਲਾਂ ਵਾਂਗ ਲੁਕਾਈ ਨੂੰ ਜੀਅ-ਦੀਨ ਮਿਲ ਸਕੇ।



www.AKJ.Org

# ਬਲੈਕ ਥੰਡਰ(ਕਾਲੀ ਗਰਜ)ਅਪ੍ਰੇਸ਼ਨ—ਹਰਿਮੰਦਰ ਸਾਹਿਬ ਤੇ ਦੂਜਾ ਅਟੈਕ

ਇਹ ਦੁਖਦਾਈ, ਭਿਆਨਕ ਅਤੇ ਅਤੀ ਘਿਰਣਤ ਅਪ੍ਰੇਸ਼ਨ ਚਲਦੀਆਂ ਗੋਲੀਆਂ ਤੇ ਗੋਲਿਆਂ ਨਾਲ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ੯ ਤੋਂ ੧੮ ਮਈ ੮੮ ਤਕ ਚਲਦਾ ਰਿਹਾ। ਇਤਨੇ ਦਿਨ ਸ੍ਰੀ ਦਰਬਾਰ ਸਾਹਿਬ ਦੇ ਕਵਾੜ ਬੰਦ ਰਹੇ ਅਤੇ ਹਰ ਤਰ੍ਹਾਂ ਦੀ ਮਰਯਾਦਾ ਭੰਗ ਰਹੀ। ਇਹ ਅਪ੍ਰੇਸ਼ਨ "ਨੀਲਾ ਤਾਰਾ ਅਪ੍ਰੇਸ਼ਨ" ਤੋਂ ਬਾਅਦ ਦੂਜੀ ਮਹਾਨ ਭਿਅੰਕਰ, ਦਿਲ-ਕੰਬਾਊ ਅਤੇ ਮੰਦ-ਭਾਗੀ ਘਟਨਾ ਹੈ।

੯ ਮਈ ਤੋਂ ਲੈ ਕੇ ੧੮ ਮਈ ਤਕ ਸਰਕਾਰ ਵਲੋਂ ਧੂੰਆਂ-ਧਾਰ ਗੋਲੀ-ਬਾਰੀ ਹਰਿਮੰਦਰ ਸਾਹਿਬ ਸਮੂਹ ਤੇ ਰੁਕ ਰੁਕ ਕੇ ਕੀਤੀ ਜਾਂਦੀ ਰਹੀ। ੧੫ ਮਈ ਨੂੰ ਕੁਝ ਕੁ ਯਾਤਰੂਆਂ ਸਮੇਤ ੧੪੬ ਅਖੌਤੀ ਖਾੜਕੂਆਂ ਨੇ ਹੱਥ ਖੜੇ ਕਰ ਕੇ ਆਤਮ-ਸਮਰਪਣ ਕੀਤਾ ਅਤੇ ਬਾਹਰ ਆ ਕੇ ਕਈਆਂ ਨੇ ਲਾਊਡ ਸਪੀਕਰਾਂ ਤੇ ਬਾਕੀਆਂ ਨੂੰ ਆਤਮ-ਸਮਰਪਣ ਕਰਨ ਦੀਆਂ ਅਪੀਲਾਂ ਕਰਨ ਵਿਚ ਵੀ ਸਰਕਾਰ ਦਾ ਹੱਥ ਵਟਾਇਆ। ੧੮ ਮਈ ਨੂੰ ਰਹਿੰਦੇ ਖੂੰਹਦੇ ਸਾਰੇ ਅਖੌਤੀ ਖਾੜਕੂ, ਜਿਨ੍ਹਾਂ ਦੀ ਗਿਣਤੀ ੪੬ ਦਸੀ ਗਈ, ਵੀ ਹੱਥ ਖੜੇ ਕਰ ਕੇ ਆਤਮ-ਸਮਰਪਣ ਕਰ ਗਏ। ਕੁਝ ਕੁ ਅਖੌਤੀ ਖਾੜਕੂ ਅੰਦਰ ਜ਼ਹਿਰ ਖ਼ਾ ਕੇ ਆਤਮ-ਹਤਿਆ ਕਰ ਗਏ ਦਸੇ ਜਾਂਦੇ ਹਨ।

ਜਿਹੜੀ ਟੋਲੀ ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਸ਼ਹਿਰ ਦੇ ਸਿਖ ਪਤਵੰਤਿਆਂ ਦੀ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਭੇਜੀ ਗਈ, ਉਨ੍ਹਾਂ ਨੇ ਆਪਣੀ ਅਖੀਂ ਸ੍ਰੀ ਹਰਿਮੰਦਰ ਸਾਹਿਬ ਦੀ ਉਤਲੀ ਮੰਜ਼ਲ ਤੇ ਤਿੰਨ ਮਲ-ਮੂਤਰ ਦੇ ਟੀਨ ਦੇਖੇ।

ਸ੍ਰੀ ਮੰਜੀ ਸਾਹਿਬ ਦੇ ਸਾਹਮਣੇ ਮਲਬੇ ਦੇ ਢੇਰ ਥਲਿਓਂ ਅਜ ਤਕ ੧੩ ਲਾਸ਼ਾਂ ਗਲੀ ਸੜੀ ਹਾਲਤ ਵਿਚ ਕਢੀਆਂ ਜਾ ਚੁਕੀਆਂ ਹਨ। ਇਨ੍ਹਾਂ ਵਿਚ ਕਈਆਂ ਦੇ ਹੱਥੀਂ ਕੜੇ ਅਤੇ ਗਾਤਰੇ ਕਿਰਪਾਨਾਂ ਵੀ ਹਨ। ਕਈਆਂ ਦੇ ਹੱਥ ਪੈਰ ਵੀ ਬਧੇ ਹੋਏ ਮਿਲੇ ਹਨ।

ਉਪਰੋਕਤ ਸਰਕਾਰੀ ਕਾਰਵਾਈ ਤਾਂ ਸਿਖ-ਜਗਤ ਲਈ ਨਾ ਭੁਲਾਏ ਜਾ ਸਕਣ ਵਾਲਾ ਅਕਹਿ ਸਦਮਾ ਹੈ, ਪਰ ਜਿਹੜੇ ਤੱਥ ਸਿਖ ਹਿਰਦਿਆਂ ਨੂੰ ਹਰ ਦਮ ਸੂਲ ਦੀ ਚੋਭ ਵਾਂਗ ਰੜਕ ਰਹੇ ਹਨ ਅਤੇ ਇਕ ਵਡਾ ਪ੍ਰਸ਼ਨ-ਚਿੰਨ੍ਹ ਬਣ ਕੇ ਡਰਾ ਰਿਹਾ ਹੈ, ਉਹ ਹਨ :—

(੧) ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਲੁਟ-ਖੋਹ ਦੀਆਂ ਕਾਰਵਾਈਆਂ, ਲੋਕਾਂ ਨੂੰ ਤਸੀਹੇ ਦੇ ਕੇ ਮਾਰਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਸਮੂਹ ਵਿਚ ਹੀ ਖ਼ੁਰਦ ਬੁਰਦ ਕਰਨ ਆਦਿ ਘਿਰਣਿਤ ਘਟਨਾਵਾਂ ਨੂੰ ਹੁਣ ਸਰਕਾਰੀ ਏਜੰਟਾਂ ਨਾਲ ਸੰਬੰਧਤ ਕੀਤਾ ਜਾ ਰਿਹਾ ਹੈ। ਠੀਕ ਹੈ, ਸਰਕਾਰਾਂ ਤਾਂ ਆਪਣੀ ਸੀ. ਆਈ. ਡੀ. ਰਾਹੀਂ ਕਿਸੇ ਵੀ ਲਹਿਰ ਨੂੰ ਫੇਲ੍ਹ ਕਰਨ ਲਈ ਸਾਰੇ ਹਰਬੇ ਵਰਤਦੀਆਂ ਹੁੰਦੀਆਂ ਹਨ, ਪਰ ਸਵਾਲ ਤਾਂ ਇਹ ਹੈ ਕਿ ਇਸ ਸਰਕਾਰੀ ਅਨਸਰ ਦੀ, ਅੰਦਰਲੇ ਖਾੜਕੂ, ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਅਧਿਕਾਰੀ ਅਤੇ ਸਮੂਹ ਦੇ ਇਨਚਾਰਜ ਸਿੰਘ ਸਾਹਿਬਾਨ ਵੇਲੇ ਸਿਰ ਪਛਾਣ ਕਰ ਕੇ ਇਹਨਾਂ ਤੋਂ ਖ਼ਬਰਦਾਰ ਕਿਉਂ ਨਾ ਹੋਏ ਅਤੇ ਉਹਨਾਂ ਨੂੰ ਵੇਲੇ ਸਿਰ ਨੱਥ ਕਿਉਂ ਨਾ ਪਾਈ ਗਈ ?

(੨) ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਨਾਹ ਲਈ, ਉਹਨਾਂ ਨੇ ਇਸ ਮਹਾਨ ਪਵਿਤਰ ਅਸਥਾਨ ਦੀ ਪਵਿਤਰਤਾ ਦਾ ਖ਼ਿਆਲ ਪਹਿਲਾਂ ਕਿਉਂ ਨਾ ਰਖਿਆ ?

(੩) ਜਿਨ੍ਹਾਂ ਨੇ ਪੁਲਿਸ ਦੀ ਪੁਛ-ਗਿਛ ਤੋਂ ਬਚਣ ਲਈ ਜ਼ਹਿਰ ਖਾ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ, ਸਿਖ ਪਰੰਪਰਾ ਅਨੁਸਾਰ ਉਨ੍ਹਾਂ ਨੂੰ ਕੀ ਦਰਜਾ ਪ੍ਰਾਪਤ ਹੈ ?

(੪) ਜ਼ਾਲਮਾਂ ਨੂੰ ਸੋਧਣਾ ਪ੍ਰਬੋਧਣਾ ਤਾਂ ਖਾਲਸਾ ਜੀ ਦਾ ਧੁਰ ਦਰਗਾਹੋਂ ਮਿਥਿਆ ਪਰਮ ਧਰਮ ਹੈ, ਪਰ ਸਮੁਚੇ ਪੰਜਾਬ ਵਿਚ ਬੇਦੋਸ਼ਿਆਂ ਦੇ ਕਤਲ, ਜਿਨ੍ਹਾਂ ਨੂੰ ਖਾਲਸੇ ਨਾਲ ਮਨਸੂਬ ਕਰ ਕੇ ਕੌਮ ਨੂੰ ਬਦਨਾਮ ਕੀਤਾ ਜਾ ਰਿਹਾ ਹੈ, ਕੀ ਇਹ ਸਭ ਕੁਝ ਵੀ ਸਰਕਾਰੀ ਏਜੰਟਾਂ ਦਾ ਕਰਤੱਵ ਨਹੀਂ ?

[ਬਾਕੀ ੩੩ ਸਫ਼ੇ ਹੇਠ]



www.AKJ.Org

# ਸ਼ਰੋਮਣੀ ਕਮੇਟੀ ਤੇ ਸਰਕਾਰ ਚਿ ਵਾਦ-ਵਿਵਾਦ
# ਕਾਰਵਾਈ ਸਰਕਾਰੀ ਡਰਾਮਾ?

ਅੰਮ੍ਰਿਤਸਰ, ੨੬ ਮਈ–(ਮਨਜੀਤ ਸਿੰਘ) ਦਸ-ਦਿਨਾ ਅਪਰੇਸ਼ਨ 'ਕਾਲੀ ਗਰਜ' ਰਾਹੀਂ ਪਾਵਨ ਸ੍ਰੀ ਹਰਿਮੰਦਰ ਸਾਹਿਬ ਨੂੰ ਕਥਿਤ ਦਹਿਸ਼ਤਪਸੰਦਾਂ ਤੋਂ ਮੁਕਤ ਕਰਾ ਲਏ ਜਾਣ ਤੋਂ ਬਾਅਦ ਦਰਬਾਰ ਸਾਹਿਬ ਸਮੂਹ ਦੇ ਕਬਜ਼ੇ ਨੂੰ ਲੈ ਕੇ ਹੁਣ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਵਿਚਕਾਰ ਜ਼ਬਰਦਸਤ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਦਹਿਸ਼ਤਪਸੰਦਾਂ ਨੇ ਦਰਬਾਰ ਸਾਹਿਬ ਸਮੂਹ ਨੂੰ ਜੋ ਲੁਕਣਗਾਹ ਤੇ ਪਨਾਹਗਾਹ ਬਣਾਈ ਰਖਿਆ, ਸਰਕਾਰ ਉਸ ਲਈ ਸ਼ਰੋਮਣੀ ਕਮੇਟੀ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਕਹਿ ਰਹੀ ਹੈ ਕਿ ਸ਼ਰੋਮਣੀ ਕਮੇਟੀ ਦਾ ਨਾਕਸ ਪ੍ਰਬੰਧ ਤੇ ਗੰਡੇ-ਟੇਕ ਕਾਰਵਾਈ ਇਸ ਲਈ ਜ਼ਿੰਮੇਵਾਰ ਹੈ। ਜਦ ਕਿ ਦੂਸਰੇ ਪਾਸੇ ਸ਼ਰੋਮਣੀ ਕਮੇਟੀ ਧਰਮ ਅਸਥਾਨਾਂ ਨੂੰ ਬਦਨਾਮ ਕਰਨ ਅਤੇ ਹਥਿਆਰਾਂ ਸਮੇਤ ਦਹਿਸ਼ਤਪਸੰਦਾਂ ਦੇ ਸਮੂਹ ਵਿਚ ਦਾਖਲ ਹੋਣ ਲਈ ਸਰਕਾਰ ਦੀ ਸਾਜ਼ਿਸ਼ ਨੂੰ ਦੋਸ਼ੀ ਠਹਿਰਾ ਰਹੀ ਹੈ। ਦੂਜੇ ਪਾਸੇ ਸਰਕਾਰ ਇਸ ਗੱਲ ਤੇ ਅੜੀ ਹੋਈ ਹੈ ਕਿ ਜਦੋਂ ਤਕ ਸ਼ਰੋਮਣੀ ਕਮੇਟੀ ਇਹ ਲਿਖ ਕੇ ਨਹੀਂ ਦਿੰਦੀ ਕਿ ਅਗੋਂ ਦਹਿਸ਼ਤਪਸੰਦ ਸਮੂਹ ਅੰਦਰ ਆ ਕੇ ਨਹੀਂ ਠਹਿਰਨਗੇ ਤੇ ਉਹ ਹਥਿਆਰ ਇਕੱਠੇ ਨਹੀਂ ਹੋਣ ਦੇਵੇਗੀ ਉਦੋਂ ਤਕ ਸਰਕਾਰ ਸ਼ਰੋਮਣੀ ਕਮੇਟੀ ਨੂੰ ਸਮੂਹ ਦਾ ਕਬਜ਼ਾ ਨਹੀਂ ਦੇਵੇਗੀ। ਜਦੋਂ ਕਿ ਸ਼ਰੋਮਣੀ ਕਮੇਟੀ ਦੀ ਮੰਗ ਹੈ ਕਿ ਇਸ ਗੱਲ ਦਾ ਭਰੋਸਾ ਸਰਕਾਰ ਉਸ ਨੂੰ ਦੇਵੇ ਕਿ ਉਹ ਅੱਗੋਂ ਹਥਿਆਰ ਜਾਂ ਸ਼ੱਕੀ ਵਿਅਕਤੀ ਅੰਦਰ ਨਹੀਂ ਜਾਣ ਦੇਵੇਗੀ।

ਸ਼ਰੋਮਣੀ ਕਮੇਟੀ ਸਪੱਸ਼ਟ ਦੋਸ਼ ਲਾਉਂਦੀ ਹੈ ਕਿ ਹਰਿਮੰਦਰ ਸਾਹਿਬ ਸਮੂਹ ਵਿਖੇ ਹਥਿਆਰਾਂ ਦੀ ਆਮਦ ਸ਼ੱਕੀ ਵਿਅਕਤੀਆਂ ਅਤੇ ਸਰਕਾਰ ਦੀ ਮਿਲੀ-ਭੁਗਤ ਤੋਂ ਬਿਨਾਂ ਸੰਭਵ ਨਹੀਂ। ਸ਼ਰੋਮਣੀ ਕਮੇਟੀ ਅਨੁਸਾਰ ਇਹ ਕਾਰਵਾਈਆਂ ਸਿੱਖ ਧਰਮ ਅਸਥਾਨਾਂ ਨੂੰ ਬਦਨਾਮ ਕਰਨ ਅਤੇ ਸ਼ਰੋਮਣੀ ਕਮੇਟੀ ਨੂੰ ਭੰਗ ਕਰਨ ਦੀਆਂ ਗੁਪਤ ਸਾਜ਼ਿਸ਼ਾਂ ਦਾ ਹਿੱਸਾ ਹਨ। ਸ਼ਰੋਮਣੀ ਕਮੇਟੀ ਅਨੁਸਾਰ ਸੰਨ ੧੯੮੪ ਵਿਚ ਫ਼ੌਜੀ ਕਾਰਵਾਈ ਤੋਂ ਲੈ ਕੇ ਹੁਣ ਤਕ ਸ੍ਰੀ ਹਰਿਮੰਦਰ ਸਾਹਿਬ ਲਗਾਤਾਰ ਸੁਰੱਖਿਆ ਬਲਾਂ ਦੇ ਘੇਰੇ ਵਿਚ ਹੈ। ਹਰਿਮੰਦਰ ਸਾਹਿਬ ਸਮੂਹ ਨੂੰ ਆਉਣ ਵਾਲੇ ਸਾਰੇ ਰਾਹਾਂ ਤੇ ਸੁਰੱਖਿਆ ਬਲਾਂ ਦੇ ਪੱਕੇ ਨਾਕੇ ਲੱਗੇ ਰਹੇ ਹਨ। ਇਥੋਂ ਤਕ ਕਿ ਕਿਸੇ ਵੀ ਵਿਅਕਤੀ, ਕਾਰ, ਸਕੂਟਰ ਤਕ ਨੂੰ ਵੀ ਮੈਟਲ ਡਿਟੈਕਟਰ ਰਾਹੀਂ ਕੀਤੀ ਜਾਂਚ ਪੜਤਾਲ ਤੋਂ ਬਿਨਾਂ ਹਰਿਮੰਦਰ ਸਾਹਿਬ ਨਹੀਂ ਜਾਣ ਦਿਤਾ ਜਾਂਦਾ ਰਿਹਾ। ਫੇਰ ਵੀ ਜੇ ਹਰਿਮੰਦਰ ਸਾਹਿਬ ਅੰਦਰ ਵੱਡੀ ਗਿਣਤੀ ਵਿਚ ਹਥਿਆਰ ਜਮ੍ਹਾ ਹੁੰਦੇ ਰਹੇ ਤਾਂ ਇਹ ਕਾਰਵਾਈ ਸਰਕਾਰ ਦੀ ਮਰਜ਼ੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਸ਼ਰੋਮਣੀ ਕਮੇਟੀ ਅਨੁਸਾਰ ਸਾਰੇ ਦਹਿਸ਼ਤ-ਪਸੰਦ ਅਤੇ ਹਥਿਆਰ ਬਾਹਰੋਂ ਹੀ ਆਉਂਦੇ ਸਨ। ਅੱਜ ਤਕ ਸੁਰੱਖਿਆ ਬਲਾਂ ਨੇ ਆਉਂਦਾ ਜਾਂ ਬਾਹਰ ਜਾਂਦਾ ਇਕ ਵੀ ਹਥਿਆਰ ਨਹੀਂ ਫੜਿਆ, ਜਿਸ ਲਈ ਜਾਂ ਤਾਂ ਸੁਰੱਖਿਆ ਪ੍ਰਬੰਧਕ ਦੋਸ਼ੀ ਹਨ, ਨਹੀਂ ਤਾਂ ਜਾਂ ਫਿਰ ਇਹ ਸਰਕਾਰ ਦੀ ਕੋਈ ਗੁਪਤ ਸਾਜ਼ਿਸ਼ ਹੀ ਹੋ ਸਕਦੀ ਹੈ। ਸ਼ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਸਾਰੀ ਕਾਰਵਾਈ ਲਈ ਸਰਕਾਰ ਤੇ ਉਸ ਦਾ ਨਾਕਸ ਪ੍ਰਬੰਧ ਜ਼ਿੰਮੇਵਾਰ ਹੈ। ਸ਼ਰੋਮਣੀ ਕਮੇਟੀ ਦਾ ਕੋਈ ਕਸੂਰ ਨਹੀਂ। ਸਰਕਾਰ ਹਰ ਮਾਮਲੇ ਵਿਚ ਅਸਫਲ ਰਹੀ। ਸੋ ਇਸ ਅਸਫਲਤਾ ਤੋਂ ਬਚਣ ਲਈ ਉਹ ਸਾਰੀ ਜ਼ਿੰਮੇਵਾਰੀ ਜਾਣ ਕੇ ਸ਼ਰੋਮਣੀ ਕਮੇਟੀ ਤੇ ਸੁੱਟ ਰਹੀ ਹੈ।

ਇਸ ਨਵੇਂ ਪੈਦਾ ਹੋਏ ਵਿਵਾਦ ਨੇ ਕਲ੍ਹ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਸ਼ਰੋਮਣੀ ਕਮੇਟੀ ਨੇ ਸਿੱਧਾ ਦੋਸ਼ ਲਾ ਦਿਤਾ ਕਿ ਕਾਰ ਸੇਵਾ ਵਾਲੇ ਸੰਤ ਬਾਬਾ ਉਤਮ ਸਿੰਘ ਨਾਲ ਰਲ ਕੇ ਸਰਕਾਰ ਨੇ ਹਰਿਮੰਦਰ ਸਾਹਿਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ। ਸ਼ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਦੋਸ਼ ਲਾਇਆ ਕਿ ਇਹ ਗੱਲ ਸਰਕਾਰ ਵਲੋਂ ਬਾਬਾ ਉਤਮ ਸਿੰਘ ਨੂੰ ਆਪਣੇ ਤੌਰ ਤੇ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਸੌਂਪਣ



www.AKJ.Org

ਤੇ ਸਪੱਸ਼ਟ ਹੋ ਗਈ ਹੈ। ਦੋਸ਼ ਵਿਚ ਕਿਹਾ ਗਿਆ ਹੈ ਕਿ ਇਨਾਮੀ ਤੇ ਨਾਮਵਰ ਸ਼ੱਕੀ ਵਿਅਕਤੀ ਸਕੱਤਰ ਸਿੰਘ ਬਾਬਾ ਉਤਮ ਸਿੰਘ ਦਾ ਨਿਜੀ ਸਕੱਤਰ ਹੋਣ ਦੇ ਨਾਲ ਨਾਲ ਉਸ ਦਾ ਗੰਨਮੈਨ ਵੀ ਸੀ, ਜੋ ਸਮੂਹ ਅੰਦਰ ਮੋਰਚੇ ਕਾਇਮ ਕਰਨ ਦਾ ਇੰਨਚਾਰਜ ਵੀ ਸ਼ੱਕੀ ਵਿਅਕਤੀਆਂ ਵਲੋਂ ਬਣਾਇਆ ਗਿਆ ਸੀ। ਉਸ ਵਲੋਂ ਹੀ ਸਾਰੇ ਮੋਰਚੇ ਉਸਾਰੇ ਗਏ। ਜੇ ਸਰਕਾਰ ਇਹ ਦੋਸ਼ ਵੀ ਲਾਉਂਦੀ ਹੈ ਕਿ ਹਥਿਆਰ ਕਾਰ ਸੇਵਾ ਦੇ ਟਰੱਕਾਂ ਵਿਚ ਜਾਂਦੇ ਸੀ ਤਾਂ ਹੋ ਸਕਦਾ ਹੈ ਕਿ ਇਹ ਇਨ੍ਹਾਂ ਦੇ ਹੀ ਟਰੱਕ ਹੋਣ, ਜੋ ਅਕਾਲ ਤਖ਼ਤ ਦੀ ਕਾਰ ਸੇਵਾ ਵਿਚ ਸਭ ਤੋਂ ਵਧ ਵਰਤੇ ਜਾਂਦੇ ਸਨ। ਬਾਬਾ ਉਤਮ ਸਿੰਘ ਦਾ ਸਰਕਾਰੇ ਦਰਬਾਰੇ ਚੰਗਾ ਅਸਰ ਰਸੂਖ ਵੀ ਹੈ।

ਸ਼ਰੋਮਣੀ ਕਮੇਟੀ ਅਨੁਸਾਰ ਇਸ ਅੰਦਰੂਨੀ ਸ਼ਾਜ਼ਿਸ਼ ਦਾ ਭੇਦ ਇਸ ਗੱਲ ਤੋਂ ਵੀ ਉਘੜਦਾ ਹੈ ਕਿ ਤਕਰੀਬਨ ੧੦ ਦਿਨ ਚੱਲੀ ਇਸ ਕਾਰਵਾਈ ਵਿਚ ਸਰਕਾਰ ਨੇ ਸ਼ੱਕੀ ਵਿਅਕਤੀਆਂ ਤੋਂ ਆਤਮ-ਸਮਰਪਣ ਕਰਾਉਣ ਲਈ ਬਾਬਾ ਉਤਮ ਸਿੰਘ ਦੇ ਪ੍ਰਭਾਵ ਨੂੰ ਵਰਤਿਆ, ਜਿਸ ਤੇ ਪਹਿਲਾਂ ਸਕੱਤਰ ਸਿੰਘ ਆਪਣੇ ਸਾਥੀਆਂ ਸਮੇਤ ਬਾਹਰ ਆਇਆ ਤੇ ਫੇਰ ਬਾਬਾ ਉਤਮ ਸਿੰਘ ਅਤੇ ਸਕੱਤਰ ਸਿੰਘ ਦੀਆਂ ਅਪੀਲਾਂ ਤੇ ਹੋਰ ਸ਼ੱਕੀ ਵਿਅਕਤੀ ਹੱਥ ਖੜੇ ਕਰਕੇ ਬਾਹਰ ਕਢਾਏ ਗਏ। ਸ਼ਰੋਮਣੀ ਕਮੇਟੀ ਦੇ ਦੋਸ਼ ਅਨੁਸਾਰ ਇਹ ਸਾਰੀ ਕਾਰਵਾਈ ਇਕ ਡਰਾਮਾ ਲਗਦੀ ਹੈ, ਜਿਸ ਰਾਹੀਂ ਸਰਕਾਰ ਨੇ ਆਪਣੇ ਬੰਦੇ ਹਰਿਮੰਦਰ ਸਾਹਿਬ ਭੇਜ ਕੇ ਪਹਿਲਾਂ ਹਰਿਮੰਦਰ ਸਾਹਿਬ ਵਿਚ ਧਰਮ ਵਿਰੋਧੀ ਕਾਰਵਾਈਆਂ ਕਰ ਕੇ ਇਸ ਧਰਮ ਅਸਥਾਨ ਨੂੰ ਬਦਨਾਮ ਕਰਾਇਆ, ਫੇਰ ਕਾਰਵਾਈ ਦਾ ਡਰਾਮਾ ਰਚ ਕੇ ਆਪਣੇ ਬੰਦਿਆਂ ਤੋਂ ਹਥ ਖੜੇ ਕਰਾ ਕੇ ਉਨ੍ਹਾਂ ਨੂੰ ਬਚਾ ਵੀ ਲਿਆ ਗਿਆ। ਇਸ ਕਾਰਵਾਈ ਦਾ ਸਿਆਸੀ ਲਾਹਾ ਲੈਣ ਦਾ ਉਪਰਾਲਾ ਕੀਤਾ ਤੇ ਸ਼ਰੋਮਣੀ ਕਮੇਟੀ ਨੂੰ ਇਸ ਲਈ ਦੋਸ਼ੀ ਠਹਿਰਾਇਆ। ਸ਼ਰੋਮਣੀ ਕਮੇਟੀ ਦੇ ਹਲਕਿਆਂ ਅਨੁਸਾਰ ਸ਼ਰੋਮਣੀ ਕਮੇਟੀ ਮੁਢ ਤੋਂ ਹੀ ਹਥਿਆਰਬੰਦ ਸ਼ੱਕੀ ਵਿਅਕਤੀਆਂ ਦੀਆਂ ਕਾਰਵਾਈਆਂ ਅਤੇ ਉਹਨਾਂ ਦੀ ਵਿਚਾਰਧਾਰਾ ਦੀ ਵਿਰੋਧੀ ਹੈ ਜਿਸ ਕਰਕੇ ਇਨ੍ਹਾਂ ਸ਼ੱਕੀ ਵਿਅਕਤੀਆਂ ਵਲੋਂ ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਬਾਰ ਬਾਰ ਗ਼ੱਦਾਰ ਕਿਹਾ ਜਾਂਦਾ ਰਿਹਾ ਤੇ ਇਹਨਾਂ ਸ਼ੱਕੀ ਵਿਅਕਤੀਆਂ ਦੇ ਮਾਰੂ ਹਮਲਿਆਂ ਦੇ ਬਹੁਤ ਸਾਰੇ ਅਕਾਲੀ ਆਗੂ, ਸ਼ਰੋਮਣੀ ਕਮੇਟੀ ਦੇ ਮੈਂਬਰ ਤੇ ਅਧਿਕਾਰੀ ਵੀ ਸ਼ਿਕਾਰ ਹੋਏ ਤੇ ਜਾਨ ਤੋਂ ਹੱਥ ਧੋ ਬੈਠੇ। ਇਸ ਦੇ ਬਾਵਜੂਦ ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਸ਼ੱਕੀ ਵਿਅਕਤੀਆਂ ਦੀ ਵਿਚਾਰਧਾਰਾ ਨਾਲ ਸਹਿਮਤ ਨਹੀਂ ਹੋਇਆ। ਅੰਦਰੂਨੀ ਟਕਰਾਅ ਤੋਂ ਬਚਣ ਦਾ ਜ਼ਰੂਰ ਉਪਰਾਲਾ ਕੀਤਾ ਜਾਂਦਾ ਰਿਹਾ, ਕਿਉਂਕਿ ਟਕਰਾਅ ਕਰਨ ਵਾਲੇ ਸਿੱਖ ਸਰੂਪ ਵਿਚ ਸਨ। ਸ਼ਰੋਮਣੀ ਕਮੇਟੀ ਹਰਿਮੰਦਰ ਸਾਹਿਬ ਨੂੰ ਲੜਾਈ ਦਾ ਅਖਾੜਾ ਬਨਾਉਣ ਦੇ ਹੱਕ ਵਿਚ ਕਦੀ ਨਹੀਂ ਰਹੀ। ਇਹਨਾਂ ਸ਼ਕੀ ਵਿਅਕਤੀਆਂ ਦੇ ਭਾਰੀ ਦਬਾਅ ਦੇ ਬਾਵਜੂਦ **ਸ਼ਰੋਮਣੀ ਕਮੇਟੀ ਇਹਨਾਂ ਦੇ ਸਰਬੱਤ ਖਾਲਸਾ ਸਮਾਗਮਾਂ ਵਿਚ ਕਦੀ ਸ਼ਾਮਲ ਨਹੀਂ ਹੋਈ, ਸਗੋਂ ਦਲੇਰੀ ਨਾਲ ਇਸ ਨੂੰ ਸਿੱਖੀ ਪਰੰਪਰਾਵਾਂ ਦੇ ਵਿਰੁਧ ਕਿਹਾ ਗਿਆ।** ਦੂਜੇ ਪਾਸੇ ਸਰਕਾਰ ਵਲੋਂ ਅਜਿਹੇ ਸਿੱਖ ਵਿਰੋਧੀ ਅਤੇ ਕੌਮ ਵਿਚ ਪਾੜਾ ਪਾਉਣ ਦੀਆਂ ਇਹਨਾਂ ਸ਼ੱਕੀ ਵਿਅਕਤੀਆਂ ਦੀਆਂ ਕਾਰਵਾਈਆਂ ਦਾ ਰੱਜ ਕੇ ਪ੍ਰਚਾਰ ਕੀਤਾ ਜਾਂਦਾ ਰਿਹਾ। ਰੇਡੀਓ, ਟੀ. ਵੀ. ਤੇ ਵਿਸ਼ੇਸ਼ ਤੌਰ ਤੇ ਇਹ ਸਮਾਗਮ ਵਿਖਾਏ ਜਾਂਦੇ ਰਹੇ। ਸ਼ਰੋਮਣੀ ਕਮੇਟੀ ਅਨੁਸਾਰ ਜੇ ਸਰਕਾਰ ਸ਼ੱਕੀ ਵਿਅਕਤੀਆਂ ਵਿਰੁਧ ਸੀ ਤਾਂ ਉਹਨਾਂ ਦੀਆਂ ਇਹ ਕਾਰਵਾਈਆਂ ਟੀ. ਵੀ. ਤੋਂ ਵਿਸ਼ੇਸ਼ ਅਹਿਮੀਅਤ ਦੇ ਕੇ ਕਿਉਂ ਵਿਖਾਈਆਂ ਜਾਂਦੀਆਂ ਰਹੀਆਂ ? ਉਕਤ ਗੱਲਾਂ ਕਹਿਣ ਵਾਲੇ ਸ਼ਰੋਮਣੀ ਕਮੇਟੀ ਦੇ ਬਹੁਤ ਸਾਰੇ ਅੰਤਰਿੰਗ ਮੈਂਬਰਾਂ ਨੇ ਹੈਰਾਨੀ ਭਰੇ ਲਹਿਜੇ ਵਿਚ ਕਿਹਾ ਕਿ **ਬੀਤੇ ਸਾਲ ਦਿਵਾਲੀ ਦੇ ਮੌਕੇ ਤੇ ਸਰਬੱਤ ਖਾਲਸਾ ਨਾ ਹੋਣ ਦੇਣ ਲਈ ਸ਼ਹਿਰ ਵਿਚ ਤਿੰਨ ਦਿਨ ਕਰਫ਼ਿਊ ਲਾਇਆ ਗਿਆ। ਸਮਾਗਮ ਵੀ ਨਾ ਹੋਇਆ।**

**ਪਰ ਪੰਥਕ ਕਮੇਟੀ ਵਲੋਂ ਇਸ ਸਮਾਗਮ ਦੇ ਮਤੇ ਜੋ ਕਿਸੇ ਤਰ੍ਹਾਂ ਜਾਰੀ ਕੀਤੇ ਗਏ, ਟੀ.ਵੀ., ਰੇਡੀਓ ਤੇ ਵਿਸ਼ੇਸ਼ ਤੌਰ ਤੇ ਪ੍ਰਸਾਰਤ ਕਰ ਕੇ ਸਰਕਾਰ ਨੇ ਇਕ ਤਰ੍ਹਾਂ ਸਰਬੱਤ ਖਾਲਸਾ ਦੀ ਪੁਸ਼ਟੀ ਕੀਤੀ।** ਅਜਿਹੀਆਂ ਹੋਰ ਵੀ ਕਈ ਮਿਸਾਲਾਂ ਹਨ, ਜਿਥੇ ਸਰਕਾਰ ਦਾ ਵਤੀਰਾ ਸ਼ੱਕੀ ਵਿਅਕਤੀਆਂ ਪ੍ਰਤੀ ਅਸਿਧੀ ਹਮਾਇਤ



www.AKJ.Org

ਵਾਲਾ ਵੇਖਣ ਨੂੰ ਮਿਲਿਆ। ਜੋ ਕਾਰਵਾਈਆਂ ਸਰਕਾਰ ਅਕਾਲੀ ਦਲ, ਸ਼ਰੋਮਣੀ ਕਮੇਟੀ ਤੇ ਸਿੱਖ ਧਰਮ ਦੇ ਅਸਥਾਨਾਂ ਨੂੰ ਬਦਨਾਮ ਕਰਨ ਲਈ ਕਰਦੀ ਰਹੀ, ਉਹੀ ਅਮਲ ਸ਼ੱਕੀ ਵਿਅਕਤੀਆਂ ਵਲੋਂ ਕੀਤੇ ਜਾਂਦੇ ਰਹੇ, ਜਿਸ ਨਾਲ ਸਰਕਾਰੀ ਇਰਾਦੇ ਪੂਰੇ ਹੁੰਦੇ ਰਹੇ। ਬੀਤੇ ਚਾਰ ਪੰਜ ਸਾਲਾਂ ਦੀਆਂ ਕਾਰਵਾਈਆਂ ਵਿਚ ਅਮਲ ਪੱਖੋਂ ਸ਼ੱਕੀ ਵਿਅਕਤੀਆਂ ਤੇ ਸਰਕਾਰ ਦੀਆਂ ਕਥਿਤ ਸਿੱਖ ਵਿਰੋਧੀ ਕਾਰਵਾਈਆਂ ਦੇ ਰੂਪ ਇਕੋ ਜਿਹੇ ਮਿਲਦੇ ਵੇਖੇ ਗਏ। ਸ਼ਰੋਮਣੀ ਕਮੇਟੀ ਵਲੋਂ ਵੀ ਸਰਕਾਰ ਵਿਰੁੱਧ ਪ੍ਰਚਾਰ ਦੇ ਹਮਲੇ ਦੇ ਜ਼ਬਰਦਸਤ ਗੋਲੇ ਦਾਗਣੇ ਸ਼ੁਰੂ ਕਰ ਦੇਣ ਅਤੇ ਸਰਕਾਰ ਨੂੰ ਕੋਈ ਲਿਖਤੀ ਭਰੋਸਾ ਨਾ ਦੇਣ ਦੇ ਸਪੱਸ਼ਟ ਐਲਾਨ ਤੋਂ ਬਾਅਦ ਸਰਕਾਰ ਅਤੇ ਸ਼ਰੋਮਣੀ ਕਮੇਟੀ ਵਿਚਕਾਰ ਪੈਦਾ ਹੋਇਆ ਨਵਾਂ ਵਿਵਾਦ ਪੰਜਾਬ ਮਸਲੇ ਅਤੇ ਸਿੱਖ ਸੰਘਰਸ਼ ਨੂੰ ਕੀ ਨਵਾਂ ਮੋੜ ਅਤੇ ਰੰਗਤ ਪ੍ਰਦਾਨ ਕਰੇਗਾ, ਇਹ ਗੱਲ ਸਮਾਂ ਹੀ ਦੱਸੇਗਾ। —ਅਜੀਤ, ੨੭ ਮਈ ੧੯੮੮

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪੀੜਤ ਪਰਵਾਰਾਂ ਲਈ ਮਾਇਆ ਹੇਠ ਲਿਖੀ ਪੁਜੀ ਹੈ—

| | | | |
|---|---|---|---|
| J.W.O. ਤੇਜਿੰਦਰ ਸਿੰਘ, ਮਦਰਾਸ | ੧੦੦-੦੦ | ਸ: ਕੁਲਵੰਤ ਸਿੰਘ, ਨੌਟਿੰਘਮ ਯੂ. ਕੇ. | ੭੦੫-੦੦ |
| ਸ: ਗੋਪਾਲ ਸਿੰਘ, ਕਾਸਥਾਨ ਸਰਾਈਆਂ, ਯੂ.ਪੀ. | ੧੬੩-੦੦ | ਸਾਧ ਸੰਗਤ ਲੈਮਿੰਗਟਨ ਸਪਾ ,, | ੨੨੫੬-੦੦ |
| ਸ: ਬਰਿੰਦਰ ਸਿੰਘ ਚੱਢਾ, ਸਲੋਅ ਯੂ. ਕੇ. | ੨੫੮-੫੦ | ,, ,, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ,, | ੧੩੪੬੫-੫੦ |
| ਭਾਈ ਮਲਕੀਅਤ ਸਿੰਘ, ਸਲੋਅ ,, | ੨੩੫-੦੦ | ਭਾਈ ਜਰਨੈਲ ਸਿੰਘ, ਅਮਰੀਕਾ | ੨੮੨-੦੦ |
| ਸ੍ਰੀ ਗੁਰੂ ਸਿੰਘ ਸਭਾ ਟ੍ਰਸਟ, ਸਾਊਥਾਲ ,, | ੫੮੭-੫੦ | ਸ: ਰਘਬੀਰ ਸਿੰਘ, ਸਲੋਅ ਯੂ.ਕੇ. | ੨੫੮-੫੦ |
| ਸ: ਪਿਆਰਾ ਸਿੰਘ ਗਿਲ, ਨਾਰਥੰਪਟਨ ,, | ੪੭੦-੦੦ | ਸ: ਪ੍ਰਿਤਪਾਲ ਸਿੰਘ, ਆਦਮਪੁਰ (ਜਲੰਧਰ) | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਮਹਿੰਦਰ ਕੌਰ ਵਿਧਵਾ ਜੋਗਿੰਦਰ ਸਿੰਘ ਪਿੰਡ ਜਥੇਵਾਲ (ਬਚੇ ਦੇ ਕੇਸ ਦੀ ਪੈਰਵੀ ਤੇ ਗੁਜ਼ਾਰਾ) | ੫,੦੦੦-੦੦ |
| ਸਿਖ ਵੈਲਫ਼ੇਅਰ ਕੌਂਸ੍ਲ ਤਿਲਕ ਵਿਹਾਰ ਦਿੱਲੀ (ਪੀੜਤ ਬੱਚਿਆਂ ਦੀ ਪੜ੍ਹਾਈ ਤੇ ਪਾਲਨਾ ਲਈ) | ੩੦ ੦੦੦-੦੦ |
| ਬੀ: ਪੁਸ਼ਪਿੰਦਰਬੀਰ ਕੌਰ ਪੁਤਰੀ ਭਾ: ਖੁਸ਼ਵੰਤ ਸਿੰਘ ਪੁਤਲੀ ਘਰ ਅੰਮ੍ਰਿਤਸਰ, (ਫ਼ੌਜੀ ਪਤੀ ਜੇਲ੍ਹ ਚਿ ਗੁਜ਼ਾਰੇ ਲਈ) | ੫੦੦੭-੦੦ |
| ਬੀ:ਪਰਸਿੰਨ ਕੌਰ ਸੁਪਤਨੀ ਭਾ:ਸੁਖਜਿੰਦਰ ਸਿੰਘ, ਪਿੰਡ ਪਧਰੀ ਨੇੜੇ ਝਬਾਲ (ਪਤੀ ਤੇ ਪੁਤਰ ਜੇਲ੍ਹ, ਗੁਜ਼ਾਰੇ ਲਈ) | ੫੦੦੦.੦੦ |
| ਬੀ: ਪ੍ਰਮਜੀਤ ਕੌਰ ਪੁਤਰੀ ਭਾ: ਸੁਖਮਿੰਦਰ ਸਿੰਘ, ਵਿਜੈ ਨਗਰ, ਅੰਮ੍ਰਿਤਸਰ (ਪਤੀ ਜੇਲ੍ਹ, ੪ ਬੱਚੇ, ਗੁਜ਼ਾਰੇ ਲਈ) | ੫੦੦੦-੦੦ |
| ਬੀ: ਰਾਜ ਕੌਰ ਪੁਤਰੀ ਭਾ: ਜੋਧ ਸਿੰਘ ਪਿੰਡ ਜੋਧ ਸਿੰਘ ਵਾਲਾ, ਪੱਟੀ(ਪਤੀ ਲਾ-ਪਤਾ, ਤਿੰਨ ਛੋਟੇ ਬੱਚੇ, ਗੁਜ਼ਾਰਾ) | ੫੦੦੦-੦੦ |
| ਮਾਸਕ ਸਹਾਇਤਾ ਪੰਜ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ | ੧੫੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਅੰਮ੍ਰਿਤਸਰ


# ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਗੁਰਮਤਿ ਬਿਬੇਕ | ੭-੫੦ |
| ਅਣਡਿਠੀ ਦੁਨੀਆ | ੧੦-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਸਿਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੧-੦੦ |




www.AKJ.Org

# ਫ਼ਿਲਮੀ ਰਾਗ ਰਸਾਤਲਤਾ ਵਲ

ਇਹ ਰਾਗ ਤਾਂ ਮਨ ਦੀ ਚੰਚਲਤਾ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹੱਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਨ੍ਹਾਂ ਰਾਗਾਂ ਦੇ ਗਾਉਣ ਸੁਣਨ ਕਰਿ ਸਗੋਂ ਬਿਰਤੀਆਂ ਗਾਉਣ ਸੁਣਨ-ਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚਿ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਇਨ੍ਹਾਂ ਰਾਗਾਂ ਨੇ ਪਟ ਕੇ ਵਗਾਹ ਦਿਤੀ ਹੈ, ਕੁਸੰਗ ਦੇ ਨਰਕ ਘੋਰ ਵਿਚਿ ਪਾ ਛਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਬਾਜ਼ ਨਹੀਂ ਆਉਂਦੇ। ਏਹਨਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧੀ ਤੁਰੀ ਜਾਂਦੀ ਹੈ। ਕੋਈ ਠਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ, ਜੋ ਅੱਜ ਕਲ੍ਹ ਦੇ ਸਿਨਮਿਆਂ ਅਤੇ ਥੀਏਟਰਾਂ ਵਿਚ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਮਿਆਂ ਥੀਏਟ੍ਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰ ਕੇ ਕੰਗਾਲ ਤੋਂ ਕੰਗਾਲ ਤਬਕੇ ਦੇ ਬੁੱਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰਾਂ ਦੇ ਪਰਵਾਰ ਉਜਾੜ ਕੇ ਫ਼ਨਾਹ ਕਰ ਦਿਤੇ ਹਨ। ਫ਼ੀ ਜ਼ਮਾਨੇ ਵਿਚ ਜੋ ਆਚਾਰ-ਹੀਣਤਾ ਤੇ ਨਿਰਧਨਤਾ ਅਤੇ ਹੋਰ ਹਰ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚ ਵਰਤ ਰਹੀ ਹੈ ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰ ਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ। ਅਤੇ ਸਦ ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤ੍ਰ ਦਾ ਸੁਆਰਥ ਪਰਮਾਰਥ ਖਾਨ-ਪਾਨ ਧਨ-ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਗੀਤਾਂ ਨੇ ਇਨਸਾਨੀ ਦਿਲੋ-ਦਿਮਾਗ ਨੂੰ ਗੰਦਾ ਪਰਗੰਦਾ ਕਰ ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲ ਛਿਨ ਭੰਗਰੀ ਕੁਚਸਕਤਾ ਭਰੀ ਖੀਨ ਖਰਾਬੜੀ ਖੁਮਾਰੀ ਕੁਪਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ। ਪਰ ਛਿੰਨ ਮਾਤਰ ਵਿਚ ਉਤਰ ਜਾਂਦੀ ਹੈ। ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ-ਪ੍ਰਾਪਤੀ ਦੇ ਪਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ ਪਰਸਿਜੁਦਾ ਹੈ ਇਹਨਾਂ ਰਾਗ ਰਾਗਨੀਆਂ ਦੁਆਰਾ ? ਕਦੇ ਨਹੀਂ ਪਤੀਜਦਾ।

ਗੁਰਬਾਣੀ ਗਾਉਣ ਦੇ ਪਰਮਾਰਥੀ ਵੇਗ ਵਿਚ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ, ਜੋ ਗਾਵਨ ਸੁਣਨ-ਹਾਰਿਆਂ ਦੀਆਂ ਮਾਨਸਿਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਏ ਰਾਗਾਂ ਦੀਆਂ ਤਰਜ਼ਾਂ ਦੇ ਕੁਠੇ ਹੋਏ ਤੇ ਉਨ੍ਹਾਂ ਦੇ ਸਰੋਤੇ ਨਿਰੀਆਂ ਰਾਗਾਂ ਦੀਆਂ ਚਟਪਟੀਲੀਆਂ ਦੇ ਹੀ ਮੁਠੇ ਹੋਏ ਹਨ। ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ। ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। ਪਰਮਾਤਮਾ ਨਾਲ ਲਿਵ ਜੁੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ ਤਰੰਗ ਹੀ ਸੀ, ਸੋ ਉਸ ਦਾ ਅਭਾਵ ਹੋ ਰਿਹਾ ਹੈ, ਜੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ। ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਮਿਆਂ ਥੀਏਟਰਾਂ ਵਿਚ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਇਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚ ਡੁਬੋਣ ਦਾ ਸਉਦਾ ਹੈ। ਪਰਮਾਰਥ ਵਲ ਤਾਂ ਕਿਸੇ ਕੀ ਮੁੜਨਾ ਸੀ, ਰੁੜ੍ਹਨ ਹੀ ਰੁੜ੍ਹਨ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਕਰਮ ਫ਼ਿਲਾਸਫ਼ੀ' ਵਿਚੋਂ



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਪ੍ਰੋਗਰਾਮ

(1) 11-6-88 ਸ਼ਨੀਵਾਰ ਰਾਤ ਲੋਕਲ ਰੈਣ ਸਬਾਈ ਕੀਰਤਨ ਗੁਰਦਵਾਰਾ ਬੇਬੇ ਨਾਨਕੀ, 189-ਰੌਕਰੀ ਰੋਡ, ਬਰਮਿੰਘਮ-21 ਵਿਖੇ । ਫ਼ੋਨ ਗੁਰਦਵਾਰਾ 021-551-3489, ਭਾ: ਹਰਭਜਨ ਸਿੰਘ ਸਗੂ 021-507-0680 ਅਤੇ 01-539-238।

(2) 18-6-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰੂ ਨਾਨਕ ਗੁਰਦਵਾਰਾ, ਐਡਵਰਡ ਸਟਰੀਟ, ਵੈਸਟ ਬ੍ਰਹਮਵਿਚ, ਬਰਮਿੰਘਮ ਵਿਖੇ । ਫ਼ੋਨ ਗੁਰਦਵਾਰਾ 021-553-1242, ਭਾ: ਕੁਲਦੀਪ ਸਿੰਘ 021-525-6015, ਭਾ: ਜੋਗਾ ਸਿੰਘ 021-525-9244 ।

(3) 25-6-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਦਸਮੇਸ਼ ਦਰਬਾਰ, ਰੋਜ਼ਬੈਰੀ ਐਵੀਨਿਊ, ਈਸਥਮ ਲੰਡਨ-ਈ 12 ਵਿਖੇ । ਫ਼ੋਨ ਗੁਰਦਵਾਰਾ 01-471-2204, ਭਾ: ਸਤਵਿੰਦਰ ਸਿੰਘ ਜੇ ਲੇਟਨ 01-539-238 ।

(3) 1 ਤੋਂ 3 ਜੁਲਾਈ ਐਤਵਾਰ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਭਾਈ ਗੁਰਨਾਮ ਸਿੰਘ 10-ਲੈਂਬਾਰਨ ਗਾਰਡਨਜ਼, ਅਰਲੀ, ਰੈਡਿੰਗ ਦੇ ਗ੍ਰਿਹ ਵਿਖੇ ਫ਼ੋਨ ਭਾ: ਗੁਰਨਾਮ ਸਿੰਘ 0734-67900

ਯੂ. ਕੇ. ਵਿਚ ਆਪਣੇ ਬਕਾਏ ਤੇ ਚੰਦੇ ਜਮ੍ਹਾ ਕਰਾਓ :

S. Gurnam Singh, 10 Lambourne Gardens, Eary, Reading, Berks [U,K,]

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਵਲੋਂ ਲਗਾਤਾਰ ਪਰਚਾਰ ਯਾਤਰਾ

ਭਾ: ਰਾਜਿੰਦਰ ਸਿੰਘ ਡਡਲੀ ਸੂਚਨਾ ਦੇਂਦੇ ਹਨ ਕਿ ਇਸ ਚਲ ਰਹੀ ਪਰਚਾਰ ਯਾਤਰਾ ਵਿਚ ਮਹੀਨਾ ਅਪ੍ਰੈਲ ਵਿਚ 50 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ । ਜੂਨ ਜੁਲਾਈ ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ—

(1) ਜੂਨ ਵਿਚ ਨਿਊਜ਼ੀਲੈਂਡ ਅਤੇ ਫ਼ਿਜੀ ਦੇ ਟਾਪੂ ਵਿਚ ਗੁਰਮਤਿ ਪਰਚਾਰ ਹੋਵੇਗਾ ।

ਪੁਛ ਗਿੱਛ : ਅਖੰਡ ਕੀਰਤਨੀ ਜਥਾ ਨਿਊਜ਼ੀਲੈਂਡ, ਭਾਈ ਜਸਬੀਰ ਸਿੰਘ ਫ਼ੋਨ (Auck) 2768598

ਅਖੰਡ ਕੀਰਤਨੀ ਜਥਾ ਫ਼ਿਜੀ, ਭਾਈ ਦਲਾਵਰ ਸਿੰਘ ਫ਼ੋਨ (Ba) 74451

(2) ਜੁਲਾਈ ਵਿਚ ਪ੍ਰੋਗਰਾਮ ਅਮਰੀਕਾ ਵਿਚ ਹੋਵੇਗਾ । ਵਧੇਰ ਜਾਣਕਾਰੀ ਲਈ ਪੁਛ ਗਿਛ :—

ਭਾਈ ਦਰਸ਼ਨ ਸਿੰਘ ਖਾਲਸਾ ਫ਼ੋਨ 209-291-2838, ਭਾ: ਦਲਜੀਤ ਸਿੰਘ, ਸ਼ਿਕਾਗੋ 312-577-8927

---

## ਗੁਰਦਵਾਰਾ ਪਾ: ਛੇਵੀਂ ਪੁਲ ਪੁਖ਼ਤਾ (ਹੁਸ਼ਿਆਰਪੁਰ) ਵਿਖੇ ਕੀਰਤਨ ਪ੍ਰੋਗਰਾਮ

੩੦ ਜੂਨ ਸਵੇਰੇ ਪਹਿਲੇ ਅਖੰਡਪਾਠ ਦੀ ਸਮਾਪਤੀ ਉਪਰੰਤ ਕੀਰਤਨ, 6-30 ਹੋਰ ਅਖੰਡਪਾਠ ਅਰੰਭ, ੧ ਜੁਲਾਈ ਸਵੇਰੇ 3 ਵਜੇ ਆਸਾ ਦੀ ਵਾਰ ਕੀਰਤਨ ਅਰੰਭ ਭਾ: ਕੁਲਵੀਰ ਸਿੰਘ ਦੇ ਗ੍ਰਿਹ ਪੁਲ ਪੁਖ਼ਤਾ ਵਿਖੇ, ੨ ਜੁਲਾਈ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੦ ਵਜੇ ਤਕ ਕੀਰਤਨ, ਦੁਪਹਿਰ ਦੋ ਵਜੇ ਨਗਰ ਕੀਰਤਨ ਅਰੰਭ. ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ. ਰਾਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ, ੩ ਜੁਲਾਈ ਐਤਵਾਰ ਸਵੇਰੇ ਸਮਾਪਤੀ । ਗੁ: ਪਾ: ਛੇਵੀਂ ਪੁਲ ਪੁਖ਼ਤਾ ਟਾਂਡਾ ਬਸ ਅਡੇ ਤੋਂ ਮਿਆਣੀ-ਬੇਗੋਵਾਲ ਸੁਭਾਨਪੁਰ ਰੋਡ ਤੇ ਹੈ ।

ਪੁਛ ਗਿਛ : ਕੇਵਲ ਸਿੰਘ ਖਾਲਸਾ ਜਨਰਲ ਸਟੋਰ, ਲਾਗੇ ਬਸ ਅੱਡਾ, ਟਾਂਡਾ ਉੜਮੁੜ

ਦਾਸਰੇ—ਅਖੰਡ ਕੀਰਤਨੀ ਜਥਾ ਟਾਂਡਾ ਦਸੂਹਾ

---

## ਮਾਸਕ ਰੈਣ ਸਬਾਈ ਕੀਰਤਨ ਸਰਹਿੰਦ ਮੰਡੀ ਵਿਖੇ ੧੧ ਜੂਨ ਸ਼ਨੀਵਾਰ ਰਾਤ ਨੂੰ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ਗੁ: ਸਿੰਘ ਸਭਾ ਨਵੀਂ ਅਬਾਦੀ ਵਿਖੇ ਆਇ ਜੁੜੋ ਜੀ ।

---

## ਮੋਗਾ ਵਿਖੇ ੫ ਜੂਨ ਨੂੰ ਅਖੰਡ ਕੀਰਤਨ ਭਾ: ਜਰਨੈਲ ਸਿੰਘ ਮੈਨੇਜਰ ਦੇ ਗ੍ਰਿਹ

ਸਵੇਰੇ ੬ ਤੋਂ ੧੦ ਵਡਭਾਗੀ ਨਿਵਾਸ, ਨਿਊ ਬਾਗ ਗਲੀ, ਦਸਮੇਸ਼ ਨਗਰ, ਨੇੜੇ ਨਿੰਬੂ ਬਾਗ ਵਿਖੇ ਆਇ ਜੁੜੋ ਜੀ।

www.AKJ.Org

## ਕੁਮਾਰਹੱਟੀ ੫ ਜੂਨ ਦਾ ਪ੍ਰੋਗਰਾਮ ਪਾਣੀ ਦੀ ਤੰਗੀ ਕਰਕੇ ਮੁਲਤਵੀ ਕੀਤਾ ਗਿਆ ਹੈ

# ਸਾਲਾਨਾ ਸ਼ਹੀਦੀ ਗੁਰਪੁਰਬ ਸਮਾਗਮ ਹੁਸ਼ਿਆਰਪੁਰ ਵਿਖੇ

## ੧੫ ਜੂਨ ਬੁਧਵਾਰ ਤੋਂ ੧੯ ਜੂਨ ਐਤਵਾਰ ਸਵੇਰ ਤਕ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਅਖੰਡ ਕੀਰਤਨੀ ਜਥਿਆਂ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਹੇਠ ਲਿਖਿਆ ਪ੍ਰੋਗਰਾਮ ਹੈ ਜੀ—

੧੫ ਜੂਨ ਸ਼ਾਮ ੭ ਤੋਂ ੯ ਕੀਰਤਨ ਗੁਰਦਵਾਰਾ ਰੇਲਵੇ ਮੰਡੀ, ੧੬ ਜੂਨ ਸਵੇਰੇ ੪ ਤੋਂ ੭ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਸ਼ਾਮ ੭ ਤੋਂ ੯ ਕੀਰਤਨ ਗੁ: ਕਲਗੀਧਰ ਚਰਨ ਪਾਵਨ ਮਾਡਲ ਟਾਊਨ, ੧੭ ਜੂਨ ਸਵੇਰੇ ੬ ਤੋਂ ੧੨ ਕੀਰਤਨ ਗੁ: ਭਾਈ ਜੋਗਾ ਸਿੰਘ ਮਹੱਲਾ ਸ਼ੇਖਾਂ, ਦੁਪਹਿਰ ਪਿਛੋਂ ੪ ਵਜੇ ਨਗਰ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਤੋਂ, ਸ਼ਾਮ ੭ ਤੋਂ ੯ ਕੀਰਤਨ ਗੁਰਦਵਾਰਾ ਮਹੱਲਾ ਗੋਕਲ ਨਗਰ, ੧੮ ਜੂਨ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ ਸੰਚਾਰ ਅਰੰਭ, ਰਾਤ ੭-੩੦ ਕੀਰਤਨ ਰੈਣ ਸਬਾਈ ਅਰੰਭ, ੧੯ ਜੂਨ ਸਵੇਰੇ ੭ ਵਜੇ ਸਮਾਪਤੀ।

ਨੋਟ—੧. ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਵਿਖੇ, ੨. ਸਮਾਗਮ ਅਸਥਾਨ ਦੀ ਤਬਦੀਲੀ ਨੋਟ ਕਰੋ ਜੀ। ੩. ਲੋੜ ਮੁਜਬ ਬਿਸਤਰੇ ਨਾਲ ਲਿਆਓ ਜੀ, ੪. ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਤ ਕਰਨ।

ਪੁਛ ਗਿਛ—ਭਾਈ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ
ਪ੍ਰਬੰਧਕ ਕਮੇਟੀ, ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ, ਹੁਸਿਆਰਪੁਰ

---

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਦਾ ਜਨਮ-ਦਿਵਸ ਸਾਲਾਨਾ ਸਮਾਗਮ

ਪੰਥ ਰਤਨ, ਮਹਾਨ ਦੇਸ਼ ਭਗਤ, ਗੁਰਮਤਿ ਗੂੜ੍ਹ ਰਮਜ਼ਾਂ ਦੇ ਗਿਆਤਾ ਤੇ ਵਿਆਖਿਆਕਾਰ, ਅਖੰਡ ਕੀਰਤਨ ਦੇ ਧਨੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਜਨਮ-ਦਿਵਸ ਸਮਾਗਮ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਸਾਰੇ ਪ੍ਰੋਗਰਾਮ ਗੁਰਦੁਆਰਾ ਅਕਾਲੀ ਵਾਲਾ ਵਿਖੇ ਹੋਣਗੇ!

੭ ਜੁਲਾਈ ਸਵੇਰੇ ੪ ਤੋਂ ੭-੩੦ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ, ਸ਼ਾਮ ੭-੩੦ ਤੋਂ ੯ ਚੌਕੀ ਸੋਦਰ, ੮ ਜੁਲਾਈ ਸਵੇਰੇ ੪ ਤੋਂ ੧੧ ਕੀਰਤਨ, ਸ਼ਾਮ ੭-੩੦ ਤੋਂ ੯ ਚੌਕੀ ਸੋਦਰ, ੯ ਜੁਲਾਈ ਸਵੇਰੇ ੬ ਵਜੇ ਤਕ ਭੋਗ ਸ੍ਰੀ ਅਖੰਡਪਾਠ, ਉਪਰੰਤ ਆਸਾ ਦੀ ਵਾਰ ਅਖੰਡ ਕੀਰਤਨ ਦੁਪਹਿਰ ਤਕ, ਸ਼ਾਮ ਅੰਮ੍ਰਿਤ-ਸੰਚਾਰ, ਰਾਤ ੮ ਵਜੇ ਸੋਦਰ ਉਪਰੰਤ ਰੈਣਸਬਾਈ ਕੀਰਤਨ ਅਰੰਭ, ੧੦ ਜੁਲਾਈ ਐਤਵਾਰ ਸਵੇਰੇ ੫-੩੦ ਵਜੇ ਸਮਾਪਤੀ।

ਪੁਛ ਗਿਛ : ਭਾਈ ਨਰੈਣ ਸਿੰਘ, ਗੁਰਦਵਾਰਾ ਅਕਾਲੀ ਵਾਲਾ, ਨਾਰੰਗਵਾਲ

ਪ੍ਰਾਰਥਕ ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜਥਾ ਨਾਰੰਗਵਾਲ

---

## ਭਾ: ਅਵਤਾਰ ਸਿੰਘ ਸ਼ਹੀਦ ਦੀ ਸਾਲਾਨਾ ਯਾਦ ਪਿ: ਪਾਰੋਵਾਲ (ਗੁਰਦਾਸਪੁਰ) ਵਿਖੇ ਗੁਰਮਤਿ ਸਮਾਗਮ

੧੯੮੪ ਦੇ ਬਲਿਊ ਸਟਾਰ ਅਪ੍ਰੇਸ਼ਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਵਿਚ ਜੁੜਿਆਂ ਸ਼ਹੀਦੀ ਪਾ ਗਏ ਵੀਰ ਦੀ ਯਾਦ ਵਿਚ ਐਤਵਾਰ ੨੬ ਜੂਨ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ!

---

## ਫ਼ੀਰੋਜ਼ਪੁਰ ਸ਼ਹਿਰ ਭਾ: ਬਲਵੰਤ ਸਿੰਘ ਖਾਲਸਾ ਦੇ ਗ੍ਰਿਹ ਕਾਂਸ਼ੀ ਨਗਰੀ ਵਿਖੇ ਸ੍ਰੀ ਅਖੰਡਪਾਠ

੧੬ ਜੂਨ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦਵਾਰਾ ਬਗਦਾਦੀ ਗੇਟ, ਫ਼ੀਰੋਜ਼ਪੁਰ ਸ਼ਹਿਰ ਵਿਖੇ ਆਇ ਜੁੜੋ ਜੀ।

---

## ਸ਼ਹੀਦਾਂ ਦੀ ਯਾਦ ਗੁ: ਟਾਹਲੀ ਸਾਹਿਬ (ਸੰਤੋਖਸਰ) ਅੰਮ੍ਰਿਤਸਰ ੨੫ ਜੂਨ ਰਾਤ ਰੈਣ ਸਬਾਈ ਕੀਰਤਨ

---



www.AKJ.Org